
Golden Temple

Sri Amritsar.

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ।

श्री हरिमंदर साहिब, श्री अमृतसर ।



ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਅਸਥਾਨਾਂ ਦਾ ਸੰਖੇਪ ਵੇਰਵਾ

Ajit Singh Sodhi

ਸ੍ਰੀ ਹਰਿਮੰਦਰ ਸਾਹਿਬ ਜੀ
ਅਤੇ
ਹੋਰ ਇਤਿਹਾਸਕ ਅਸਥਾਨ

ਸੁਪ੍ਰੇਮ ਭੇਂਟ:-

ਇਸ ਪੁਸਤਕ ਦੀ ਸੇਵਾ ਪਸ਼ੌਰੀ ਬਿਰਾਦਰੀ ਫਰੀਦਾਬਾਦ, ਦਿੱਲੀ, ਖੰਨਾ, ਜਲੰਧਰ ਅਤੇ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਕਰਵਾਈ ਹੈ ।

ਆਡੀਸ਼ਨ :-

ਪਹਿਲੀ ਵਾਰ ਛਪਿਆ 5000 --(ਫਰਵਰੀ 1992)

ਦੂਸਰੀ ਵਾਰ ਛਪਿਆ 10000 --(ਅਗਸਤ 1995)

ਤੀਸਰੀ ਵਾਰ ਛਪਿਆ 10000 --(ਮਈ 2001)

--(ਕੁੱਲ ਛਪਿਆ--25000)

ਛਾਪਕ: ਮਨਜੀਤ ਸਿੰਘ 'ਬੇਦੀ'

ਸੁਖਦੀਪ ਪ੍ਰਿੰਟਿੰਗ ਪ੍ਰੈਸ, ਸ਼ਰੀਫਪੁਰਾ, ਅੰਮ੍ਰਿਤਸਰ ਤੋਂ ਛਪਵਾ ਕੇ

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ

ਫੋਨ: 587243

ਪ੍ਰਕਾਸ਼ਕ: ਸ੍ਰ: ਅਜੀਤ ਸਿੰਘ 'ਸੋਢੀ'

(ਸਹਿਯੋਗ ਸਮੂਹ ਸਾਧ ਸੰਗਤ)

ਫੋਨ: 500342

ਦਰਸ਼ਨ ਕਰਨ ਆਏ ਯਾਤਰੂਆਂ ਪ੍ਰਤੀ ਦੋ ਸ਼ਬਦ

ਇਹ ਕਿਤਾਬਚਾ ਸ੍ਰੀ ਹਰਿ ਮੰਦਰ ਸਾਹਿਬ ਜੀ ਦੇ ਦਰੇਸ਼ਨਾਂ ਲਈ ਆਏ ਯਾਤਰੀਆਂ ਦੇ ਲਈ ਬਹੁਤ ਲਾਭਦਾਇਕ ਹੈ । ਇਸ ਕਿਤਾਬਚੇ ਵਿਚ ਦਰਸ਼ਨ ਕਰਨ ਤੋਂ ਪਹਿਲਾਂ ਧਿਆਨ ਰੱਖਣ ਯੋਗ ਗਲ੍ਹਾਂ ਅਤੇ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਨਜ਼ਦੀਕ ਹੋਰ ਇਤਿਹਾਸਕ ਸਥਾਨਾਂ ਦਾ ਸੰਖੇਪ ਵਰਨਣ ਕੀਤਾ ਗਿਆ ਹੈ । ਇਸ ਕਿਤਾਬ ਨੂੰ ਬਹੁਤ ਮਿਹਨਤ ਅਤੇ ਸ਼ਰਧਾ ਨਾਲ ਸੰਗ੍ਰਹਿ ਕਰਕੇ, ਆਪ ਜੀ ਲਈ ਤਿਆਰ ਕੀਤਾ ਗਿਆ ਹੈ ।ਆਸ਼ਾ ਕੀਤੀ ਜਾਂਦੀ ਹੈ ਕਿ ਇਹ ਕਿਤਾਬ ਸ੍ਰੀ ਹਰਿ ਮੰਦਰ ਸਾਹਿਬ ਜੀ ਦੇ ਦਰਸ਼ਨਾਂ ਦੇ ਸ਼ੁੱਭ ਅਵਸਰ ਤੇ ਆਪ ਜੀ ਨੂੰ ਸਹੀ ਮਾਰਗ ਦਰਸ਼ਨ ਕਰਨ ਵਿਚ ਸਹਾਇਕ ਸਾਬਤ ਹੋਵੇਗੀ। ਇਸ ਕਿਤਾਬ ਦੀ ਛਪਾਈ ਅਤੇ ਕਾਗਜ਼ ਵਾਸਤੇ ਯਥਾ ਸ਼ਕਤ ਸਹਾਇਤਾ ਦੇਣ ਦੀ ਕ੍ਰਿਪਾਲਤਾ ਕਰਨੀ ਜੀ ।

ਜ਼ਰੂਰੀ ਸੂਚਨਾ

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਅੱਗੇ ਹਥ ਜੋੜ ਕੇ ਜ਼ਰੂਰੀ ਬੇਨਤੀਆਂ :-

1. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਣ ਲੱਗਿਆਂ ਬੀੜੀ, ਸਿਗਰੇਟ, ਤੰਬਾਕੂ, ਸ਼ਰਾਬ ਅਤੇ ਹੋਰ ਕੋਈ ਵੀ ਨਸ਼ੇ ਵਾਲੀ ਚੀਜ਼ ਲੈ ਜਾਣੀ ਸਖ਼ਤ ਮਨ੍ਹਾਂ ਹੈ।
2. ਆਪਣੇ ਜੋੜੇ ਅਤੇ ਜ਼ੁਰਾਬਾਂ ਉਤਾਰ ਕਰਕੇ ਜੋੜਾ ਘਰ ਵਿਚ ਰਖੋ ਅਤੇ ਸਮਾਨ ਗਠੜੀ ਘਰ ਵਿਚ ਰਖੋ, ਸੇਵਾ ਮੁਫਤ ਹੁੰਦੀ ਹੈ।
3. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਨੰਗੇ ਸਿਰ ਜਾਣਾ ਮਨ੍ਹਾਂ ਹੈ। ਅਗਰ ਆਪ ਦੇ ਕੋਲ ਰੁਮਾਲ ਜਾਂ ਟੋਪੀ ਨਹੀਂ ਹੈ ਤਾਂ ਗਠੜੀ ਘਰ ਤੋਂ ਰੁਮਾਲ ਲੈ ਕੇ, ਸਿਰ ਢਕ ਕੇ ਅਤੇ ਪੈਰ ਧੋ ਕਰਕੇ ਪ੍ਰੇਮ ਸਹਿਤ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਦਰਸ਼ਨ ਕਰੋ ਜੀ, ਬਾਅਦ ਵਿਚ ਰੁਮਾਲ ਕਪੜਾ ਵਾਪਿਸ ਕਰਨ ਦੀ ਕ੍ਰਿਪਾ ਕਰੋ।
4. ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਪਿਛੇਂ ਪਰਕਰਮਾ ਵਿਚ ਫੋਟੋ ਲੈ ਸਕਦੇ ਹੋ। ਅੰਦਰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਉਥੇ ਫੋਟੋ ਨਹੀਂ ਲੈ ਸਕਦੇ, ਬਾਕੀ ਫੋਟੋ ਲੈ ਸਕਦੇ ਹੋ।
5. ਜੇਕਰ ਆਪ ਜੀ ਨੇ ਹਰਿਮੰਦਰ ਸਾਹਿਬ ਬਾਰੇ ਹੋਰ ਪੁੱਛ ਗਿੱਛ ਕਰਨੀ ਹੋਵੇ ਤਾਂ ਘੰਟਾ ਘਰ ਜਿਥੇ ਪੈਰ ਧੋਈ ਦੇ ਹਨ, ਉਸ ਦੇ ਸੱਜੇ ਪਾਸੇ ਪੁੱਛ - ਗਿੱਛ ਦਫਤਰ (ਇਨਫਾਰਮੇਸ਼ਨ ਆਫਿਸ) ਹੈ। ਗਾਇਡ ਸਾਹਿਬ ਦੀ ਸਹਾਇਤਾ ਲੈ ਸਕਦੇ ਹੋ।
6. ਸਕੂਟਰ, ਕਾਰ, ਸਾਇਕਲ ਰਖਣ ਦਾ ਇੰਤਜਾਮ ਘੰਟਾ ਘਰ ਦੇ ਸਾਹਮਣੇ ਵਾਲੇ ਪਾਸੇ ਹੈ।ਜਿਥੇ ਸ੍ਰੀ ਦਰਬਾਰ ਸਾਹਿਬ ਕਮੇਟੀ ਵਲੋਂ ਸੇਵਾ ਮੁਫ਼ਤ ਹੁੰਦੀ ਹੈ।
7. ਸਰੋਵਰ ਵਿਚ ਕੋਈ ਚੀਜ਼ ਕੜਾਹ ਪ੍ਰਸ਼ਾਦਿ, ਫੁੱਲ, ਡੂਨੇ ਆਦਿ ਸੁੱਟਨਾ ਮਨ੍ਹਾਂ ਹੈ। ਲੱਤਾਂ ਲੰਮੀਆਂ ਕਰਕੇ ਜਾਂ ਪੈਰ ਫੈਲਾਅ ਕੇ ਬੈਠਣਾ ਮਨ੍ਹਾ ਹੈ, ਉਲਘੰਣਾ ਕਰਕੇ, ਪਾਪਾਂ ਦੇ ਭਾਗੀ ਨਾ ਬਣੋ ਜੀ।

ਜੀਵਨ ਬਿਓਰਾ

ਪਵਿੱਤਰ ਨਾਮ ਗੁਰੂ ਸਾਹਿਬਾਨ	ਨਾਮ ਪਿਤਾ ਜੀ/ਮਾਤਾ ਜੀ	ਪ੍ਰਕਾਸ਼ ਅਸਥਾਨ	ਪ੍ਰਕਾਸ਼ ਮਿਤੀ ਸੰਨ ਅਤੇ ਸੰਮਤ	ਸੁਪਤਨੀ (ਮਹਿਲ)	ਸੰਤਾਨ
ਸ੍ਰੀ ਗੁਰੂ ਨਾਨਕ ਦੇਵ ਜੀ	ਮਹਿਤਾ ਕਾਲੂ ਚੰਦ ਜੀ (ਕਲਿਆਣ ਦਾਸ ਜੀ) ਤ੍ਰਿਪਤਾ ਜੀ	ਤਲਵੰਡੀ ਰਾਇ ਭੋਇ (ਨਨਕਾਣਾ ਸਾਹਿਬ ਪਾਕਿਸਤਾਨ)	੧੫-੪-੧੪੬੯ ਵੈਸਾਖ ਸੁਦੀ ੩ (੨੦ ਵੈਸਾਖ) ਸੰ: ੧੫੨੬ (ਆਮ ਪ੍ਰਚੱਲਤ ਕੱਤਕ ਦੀ ਪੂਰਨਮਾਸ਼ੀ)	ਸੁਲੱਖਣੀ ਜੀ	ਬਾਬਾ ਸ੍ਰੀ ਚੰਦ ਜੀ ਬਾਬਾ ਲਖਮੀ ਦਾਸ ਜੀ
ਸ੍ਰੀ ਗੁਰੂ ਅੰਗਦ ਦੇਵ ਜੀ	ਫੇਰੂ ਮੱਲ ਜੀ ਦਇਆ ਕੌਰ ਜੀ	ਮੱਤੇ ਦੀ ਸਰਾਇ ਜ਼ਿਲ੍ਹਾ ਫਿਰੋਜ਼ਪੁਰ	੩੧-੩-੧੫੦੪ ੫ ਵੈਸਾਖ ਵਦੀ ੧, ਸੰਮਤ ੧੫੬੧	ਖੀਵੀ ਜੀ	ਦਾਸੂ ਜੀ, ਦਾਤੂ ਜੀ, ਬੀਬੀ ਅਮਰੋ ਜੀ, ਅਣੋਖੀ ਜੀ
ਸ੍ਰੀ ਗੁਰੂ ਅਮਰ ਦਾਸ ਜੀ	ਤੇਜ ਭਾਨ ਜੀ ਸੁਲੱਖਣੀ (ਲਛਮੀ) ਜੀ	ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ	੫-੫-੧੪੭੯ (ਵੈਸਾਖ ਸੁਦੀ ੧੪) ੧੦ ਜੇਠ ਸੰ: ੧੫੩੬	ਮਨਸਾ ਦੇਵੀ ਜੀ	ਮੋਹਨ ਜੀ, ਮੋਹਰੀ ਜੀ, ਬੀਬੀ ਦਾਨੀ ਤੇ ਭਾਨੀ ਜੀ
ਸ੍ਰੀ ਗੁਰੂ ਰਾਮ ਦਾਸ ਜੀ	ਹਰਿਦਾਸ ਜੀ ਦਇਆ ਕੌਰ ਜੀ	ਚੂਨਾ ਮੰਡੀ ਲਾਹੌਰ (ਪਾਕਿਸਤਾਨ)	੨੪-੯-੧੫੩੪ ੨੬ ਅੱਸੂ ਕੱਤਕ ਵਦੀ ੨, ੧੫੯੧	ਭਾਨੀ ਜੀ	ਪ੍ਰਿਥੀ ਚੰਦ, ਮਹਾ ਦੇਵ, ਅਰਜਨ ਦੇਵ ਜੀ
ਸ੍ਰੀ ਗੁਰੂ ਅਰਜਨ ਦੇਵ ਜੀ	ਸ੍ਰੀ ਗੁਰੂ ਰਾਮਦਾਸ ਜੀ ਭਾਨੀ ਜੀ	ਸ੍ਰੀ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ	੧੫-੪-੧੫੬੩ ੧੯ ਵੈਸਾਖ ਵਦੀ ੭ ੧੬੨੦	ਗੰਗਾ ਜੀ	ਹਰਗੋਬਿੰਦ ਸਾਹਿਬ ਜੀ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	ਸ੍ਰੀ ਗੁਰੂ ਅਰਜਨ ਦੇਵ ਜੀ ਗੰਗਾ ਜੀ	ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ	੧੪-੬-੧੫੯੫ ਹਾੜ੍ਹ ਵਦੀ ੬ ੧੬੫੨	ਦਮੋਦਰੀ ਜੀ, ਨਾਨਕੀ ਜੀ, ਮਹਾਦੇਵੀ ਜੀ	ਗੁਰਦਿੱਤਾ ਜੀ, ਅਣੀ ਰਾਇ, ਅਟੱਲ ਰਾਇ, ਤੇਗ ਬਹਾਦਰ, ਸੂਰਜ ਮੱਲ, ਬੀਬੀ ਵੀਰੋ ਜੀ
ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ	ਬਾਬਾ ਗੁਰਦਿੱਤਾ ਜੀ ਨਿਹਾਲ ਕੌਰ ਜੀ	ਕੀਰਤਪੁਰ ਜ਼ਿਲ੍ਹਾ ਰੋਪੜ	੨੬-੨-੧੬੩੦ ੨੦ ਮਾਘ (ਸੁਦੀ ੧੩) ੧੬੮੬	ਕੋਟ ਕਲਿਆਣੀ ਜੀ ਕ੍ਰਿਸ਼ਨ ਕੌਰ ਜੀ	ਰਾਮ ਰਾਇ, ਹਰਿ ਕ੍ਰਿਸ਼ਨ ਸਾਹਿਬ
ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ	ਸ੍ਰੀ ਗੁਰੂ ਹਰਿ ਰਾਇ ਜੀ ਕ੍ਰਿਸ਼ਨ ਕੌਰ ਜੀ	ਕੀਰਤਪੁਰ ਜ਼ਿਲ੍ਹਾ ਰੋਪੜ	੭-੭-੧੬੫੬ ੮ ਸਾਵਣ (ਵਦੀ ੧੦) ੧੭੧੩	....	....
ਸ੍ਰੀ ਗੁਰੂ ਤੇਗ ਬਹਾਦਰ ਜੀ	ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਨਕੀ ਜੀ	ਸ੍ਰੀ ਅੰਮ੍ਰਿਤਸਰ	੧-੪-੧੬੨੧ ੫ ਵੈਸਾਖ ਵਦੀ ੫, ੧੬੭੮	ਗੁਜਰੀ ਜੀ	ਗੋਬਿੰਦ ਸਿੰਘ ਜੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ	ਸ੍ਰੀ ਗੁਰੂ ਤੇਗ ਬਹਾਦਰ ਜੀ ਗੁਜਰੀ ਜੀ	ਸ੍ਰੀ ਪਟਨਾ ਸਾਹਿਬ (ਬਿਹਾਰ)	੨੨-੧੨-੧੬੬੬ ੨੩ ਪੋਹ ਸੁਦੀ ਸਤਵੀਂ ੧੭੨੩	ਅਜੀਤ ਕੌਰ ਜੀ, ਸੁੰਦਰ ਕੌਰ ਜੀ, ਸਾਹਿਬ ਕੌਰ ਜੀ	ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਬਾਬਾ ਜ਼ੋਰਾਵਰ ਸਿੰਘ ਜੀ ਬਾਬਾ ਫ਼ਤਹਿ ਸਿੰਘ ਜੀ
ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ		ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ	੧੬-੮-੧੬੦੪ ਭਾਦੋਂ ਸੁਦੀ ੧ ੧੬੬੧		



ਭਗਤ ਪੂਰਨ ਸਿੰਘ (1904-1992)

ਪੰਜ ਪਿਆਰੇ:— ਜਿਨ੍ਹਾਂ ਨੂੰ ਦਸਮ ਪਿਤਾ ਨੇ ਵੈਸਾਖੀ ਸੰਨ ੧੬੯੯ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾ ... ੩. ਭਾਈ ਹਿੰਮਤ ਸਿੰਘ ਜੀ। ੪. ਭਾਈ ਮੋਹਕਮ ਸਿੰਘ ਜੀ। ੫. ਭਾਈ ਸਾਹਿਬ ਸਿੰਘ ਜੀ।

ਨਿੱਤਨੇਮ ਦੀਆਂ ਬਾਣੀਆਂ:— ਸਵੇਰੇ— ਜਪੁ ਜੀ ਸਾਹਿਬ, ਜਾਪੁ ਸਾਹਿਬ, ਸਵੱਯੇ ਪਾਤਿਸ਼ਾਹੀ ੧੦ (ਸ੍ਰਾਵਗ ਸੁਧ), ਚੌਪਈ ਸਾ...

ਪੰਜ ਤਖ਼ਤ ਸਾਹਿਬਾਨ:— ੧. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ (ਪੰਜਾਬ), ੨. ਸ੍ਰੀ ਪਟਨਾ ਸਾਹਿਬ (ਬਿਹਾਰ), ੩. ਸ੍ਰੀ ... ੫. ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਬਠਿੰਡਾ (ਪੰਜਾਬ)।

ਪੰਜ ਕਕਾਰ:— ਕੇਸ, ਕੰਘਾ, ਕ੍ਰਿਪਾਨ, ਕੜਾ ਅਤੇ ਕਛਹਿਰਾ।

ਚਾਰ ਕੁਰਹਿਤਾਂ:— ਕੇਸਾਂ ਦੀ ਬੇਅਦਬੀ ਕਰਨੀ, ਕੁੱਠਾ (ਹਲਾਲ) ਖਾਣਾ, ਪਰਾਈ ਇਸਤ੍ਰੀ ਜਾਂ ਪਰ-ਪੁਰਸ਼ ਨਾਲ ਸੰਗ ... (ਸਿਖ ਪੰਥ ਦੇ ਕੇਂਦਰੀ ਧਰਮ ਅਸਥਾਨ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਸ੍ਰੀ ਗੁਰੂ ਅ...

ਨੋਟ:— ਗੁਰੂ ਸਾਹਿਬਾਨ ਦੇ 'ਜੀਵਨ-ਬਿਓਰਾ' ਵਿਚ ਦਿੱਤੀਆਂ ਗਈਆਂ ਤਾਰੀਖ਼ਾਂ ਬਾਰੇ ਵਿਸਤਾਰ... ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਖੋਜ 'ਤੇ ਆਧਾਰਤ ਤਾਰੀਖ਼ਾਂ ਲਿਖੀਆਂ ਹਨ...

ਗੁਰੂ ਸਾਹਿਬਾਨ

ਗੁਰਿਆਈ ਮਿਤੀ ਤੇ ਸਮਾਂ	ਪਵਿੱਤਰ ਨਗਰ ਵਸਾਏ	ਜੋਤੀ ਜੋਤਿ	ਬਾਣੀ ਰਚਨਾ	ਲੱਗਭੱਗ ਉਮਰ	ਸਮਕਾਲੀ ਹੁਕਮਰਾਨ
ਪ੍ਰਕਾਸ਼ ਸਮੇਂ ਤੋਂ ੭੦ ਸਾਲ	ਕਰਤਾਰਪੁਰ (ਪਾਕਿਸਤਾਨ) ਰਾਵੀ ਕੰਢੇ ੧੫੦੪ ਸੰਮਤ ੧੫੬੧	੨੨-੯-੧੫੩੯ ੨੩ ਅੱਸੂ ਸੁਦੀ ੧੦, ੧੫੯੬ ਕਰਤਾਰਪੁਰ (ਪਾਕਿਸਤਾਨ)	ਜਪੁ, ਸਿਧ ਗੋਸਟਿ, ਸੋਦਰੁ, ਸੋਹਿਲਾ, ਆਰਤੀ, ਰਾਮਕਲੀ, ਦਖਣੀ ਓਅੰਕਾਰੁ, ਆਸਾ ਦੀ ਵਾਰ, ਮਲ੍ਹਾਰ ਤੇ ਮਾਝ ਦੀ ਵਾਰ, ਪੱਟੀ, ਬਾਰਹ ਮਾਹਾ, ਕੁੱਲ ਸ਼ਬਦ ੯੭੪ ਹਨ ਤੇ ੧੯ ਰਾਗਾਂ ਵਿਚ ਹਨ ।	੭੦ ਸਾਲ	ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, ਬਾਬਰ ਤੇ ਹਮਾਯੂੰ
੨-੯-੧੫੩੯ ੨੩ ਅਸੂ ਸੰਮਤ ੧੫੯੬ ੧੨ ਸਾਲ ੯ ਮਹੀਨੇ	ਖਡੂਰ ਸਾਹਿਬ ੧੫੩੯	੨੯-੩-੧੫੫੨ ੩ ਵੈਸਾਖ (ਚੇਤ ਸੁਦੀ ੪) ਸੰ: ੧੬੦੯ ਖਡੂਰ ਸਾਹਿਬ	ਕੁਲ ੬੨ ਸਲੋਕ ਦਸ ਵਾਰਾਂ ਵਿਚ ਹਨ ।	੪੮ ਸਾਲ	ਹਮਾਯੂੰ, ਸ਼ੇਰ ਸ਼ਾਹ ਸੂਰੀ, ਇਸਲਾਮ ਸ਼ਾਹ ਸੂਰੀ
੨੯-੩-੧੫੫੨ ਵੈਸਾਖ ੩, ੧੬੦੯ ੨੨ ਸਾਲ ੬ ਮਹੀਨੇ	ਗੋਇੰਦਵਾਲ (ਬਿਆਸ ਕੰਢੇ) ੧੫੫੨	੧-੯-੧੫੭੪ ਅੱਸੂ ਪੂਰਨਮਾਸ਼ੀ ੧੬੩੧ ਸ੍ਰੀ ਗੋਇੰਦਵਾਲ	ਅਨੰਦ ਸਾਹਿਬ, ਕੁੱਲ ੯੦੭ ਸ਼ਬਦ, ਸਲੋਕ ਤੇ ਛੰਤ ਆਦਿ ੧੭ ਰਾਗਾਂ ਵਿਚ ਹਨ ।	੯੫ ਸਾਲ	ਫੀਰੋਜ਼ ਸ਼ਾਹ ਮੁਹੰਮਦ ਆਦਿਲ ਸ਼ਾਹ, ਹਮਾਯੂੰ, ਅਕਬਰ
੩੦-੮-੧੫੭੪ ਭਾਦੋਂ ਸੁਦੀ ੧੩,੧੬੩੧ ੭ ਸਾਲ	ਸ੍ਰੀ ਅੰਮ੍ਰਿਤਸਰ ੧੫੭੪	੨-੯-੧੫੮੧ ੨ ਅੱਸੂ (ਭਾਦਰੋਂ ਸੁਦੀ ੩) ੧੬੩੮, ਸ੍ਰੀ ਗੋਇੰਦਵਾਲ	ਕੁੱਲ ਸ਼ਬਦ ਸਲੋਕ ਛੰਤ ਆਦਿ ੬੭੯ ਹਨ । ੩੦ ਰਾਗਾਂ ਵਿਚ ਹਨ ।	੪੭ ਸਾਲ	ਅਕਬਰ
੧-੯-੧੫੮੧ ੨ ਅੱਸੂ ਸੰਮਤ ੧੬੩੮ ੨੫ ਸਾਲ	ਛੇਹਰਟਾ ੧੫੯੫ ਸ੍ਰੀ ਗੋਬਿੰਦਪੁਰ ਬਿਆਸ ਦੇ ਕੰਢੇ ੧੫੮੭, ਤਰਨ ਤਾਰਨ ੧੫੯੦, ਕਰਤਾਰਪੁਰ ਸੋਢੀਆਂ ੧੫੯੩	੩੦-੫-੧੬੦੬ ਜੇਠ ਸੁਦੀ ੪, ੧੬੬੩ ਲਾਹੌਰ (ਪਾਕਿਸਤਾਨ)	ਗਉੜੀ ਸੁਖਮਨੀ, ਮਾਝ ਬਾਰਹਮਾਹ, ਬਾਵਨ ਅਖਰੀ, ਕੁੱਲ ਸ਼ਬਦ ੨੨੧੮, ੩੦ ਰਾਗਾਂ ਵਿਚ ਹਨ ।	੪੩ ਸਾਲ	ਅਕਬਰ, ਜਹਾਂਗੀਰ
੨੫-੫-੧੬੦੬ ੨੯ ਜੇਠ (ਵਦੀ ੧੪) ੧੬੬੩, ੩੮ ਸਾਲ	ਕੀਰਤਪੁਰ ੧੬੨੬, ਭਾਈ ਰੂਪਾ (ਫਿਰੋਜ਼ਪੁਰ) ੧੬੨੮	੩-੩-੧੬੪੪ ੭ (ਚੇਤ ਸੁਦੀ ੫) ੧੭੦੧ ਕੀਰਤਪੁਰ ਸਾਹਿਬ	....	੪੯ ਸਾਲ	ਜਹਾਂਗੀਰ, ਸ਼ਾਹ ਜਹਾਨ
੮-੩-੧੬੪੪ ੧੨ ਚੇਤ (ਸੁਦੀ ੧੦) ੧੭੦੧, ਸਵਾ ੧੭ ਸਾਲ	....	੬-੧੦ ੧੬੬੧ ੭ ਕੱਤਕ (ਵਦੀ ੯) ੧੭੧੮ ਕੀਰਤਪੁਰ ਸਾਹਿਬ	....	੩੨ ਸਾਲ	ਸ਼ਾਹ ਜਹਾਨ, ਔਰੰਗਜ਼ੇਬ
੬-੧੦-੧੬੬੧ ੮ ਕੱਤਕ ੧੭੧੮ ਢਾਈ ਸਾਲ	....	੩੦-੩-੧੬੬੪ ੩ ਵੈਸਾਖ (ਚੇਤ ਸੁਦੀ ੧੪) ੧੭੨੧, ਭੋਗਲ (ਦਿੱਲੀ)	....	੮ ਸਾਲ	ਔਰੰਗਜ਼ੇਬ
੨੦-੩-੧੬੬੫ ੨੪ ਚੇਤ ਸੁਦੀ ੧੪, ੧੭੨੨, ੧੧ ਸਾਲ	ਸ੍ਰੀ ਅਨੰਦਪੁਰ ਸਤਲੁਜ ਕੰਢੇ ੧੬੬੬, ਗੁਰੂ ਕਾ ਲਾਹੌਰ, ਬਕੌਰ ਸਾਹਿਬ	੧੧-੧੧-੧੬੭੫ ੧੨ ਮੱਘਰ ਸੁਦੀ ੫, ੧੭੩੨ ਸੀਸ ਗੰਜ (ਦਿੱਲੀ)	ਕੁੱਲ ੧੧੫ ਸ਼ਬਦ ਤੇ ਸਲੋਕ ਹਨ, ੧੫ ਰਾਗਾਂ ਵਿਚ ਹਨ ।	੫੫ ਸਾਲ	ਔਰੰਗਜ਼ੇਬ
੧੧-੧੧-੧੬੭੫ ੧੨ ਮੱਘਰ ਸੰ. ੧੭੩੨ ੩੩ ਸਾਲ	ਸ੍ਰੀ ਪਾਉਂਟਾ ਸਾਹਿਬ ਜਮਨਾ ਕੰਢੇ ੧੬੮੪, ਸ੍ਰੀ ਮੁਕਤਸਰ ੧੭੦੫ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) ੧੭੦੬	੭-੧੦-੧੭੦੮ ੮ ਕੱਤਕ ਸੁਦੀ ੫, ੧੭੬੫ ਨੰਦੇੜ ਹਜ਼ੂਰ ਸਾਹਿਬ	ਜਾਪ, ਅਕਾਲ ਉਸਤਤ, ਚੌਪਈ, ਬਚਿੱਤਰ ਨਾਟਕ, ਸਵੱਯੇ, ਸ਼ਬਦ ਹਜ਼ਾਰੇ, ਜ਼ਫਰਨਾਮਾ (ਦਸਮ ਗ੍ਰੰਥ)	੪੨ ਸਾਲ	ਔਰੰਗਜ਼ੇਬ ਬਹਾਦਰਸ਼ਾਹ
੪-੧੦-੧੭੦੮ ਕੱਤਕ ਸੁਦੀ ੨, ੧੭੬੫		ਜੁੱਗੋ ਜੁੱਗ ਅਟੱਲ	ਕੁੱਲ ਸ਼ਬਦ, ਸਲੋਕ ਛੰਤ ਆਦਿ ੫੮੬੭ ੩੧ ਰਾਗਾਂ ਵਿਚ ਹਨ, ਕੁੱਲ ੧੪੩੦ ਪੰਨੇ ਹਨ ।	ਜੁੱਗੋ ਜੁੱਗ ਅਟੱਲ	

ਸਿੰਘ ਸਜਾਇਆ ;—੧. ਭਾਈ ਦਯਾ ਸਿੰਘ ਜੀ । ੨. ਭਾਈ ਧਰਮ ਸਿੰਘ ਜੀ ।

੫. ਸ਼ਾਮ—ਸੋਦਰੁ ਰਹਿਰਾਸ ਸੌਣ ਵੇਲੇ —ਸੋਹਿਲਾ ।
ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ (ਪੰਜਾਬ)। ੪. ਸ੍ਰੀ ਹਜ਼ੂਰ ਸਾਹਿਬ ਨੰਦੇੜ (ਮਹਾਰਾਸ਼ਟਰ)

ਤੰਬਾਕੂ ਦੀ ਵਰਤੋਂ ਕਰਨੀ ।
ਜਨ ਦੇਵ ਜੀ ਨੇ ਸੰਮਤ ੧੬੪੫ ਵਿਚ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਰਾਹੀਂ ਰਖਵਾਈ ।)
ਫੀਆਂ ਵੱਖ-ਵੱਖ ਰਾਵਾਂ ਹਨ; ਪ੍ਰੰਤੂ ਅਸੀਂ ਪੁਰਾਤਨ ਇਤਿਹਾਸਕਾਰ



ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ

ਸ੍ਰੀ ਹਰਿਮੰਦਰ ਸਾਹਿਬ ਜੀ
ਅਤੇ
ਹੋਰ ਇਤਿਹਾਸਕ ਅਸਥਾਨ

"ਡਿਠੇ ਸਭੇ ਥਾਵ ਨਹੀਂ ਤੁਧੁ ਜੇਹਾ"

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ, ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਸ਼ੁਰੂ ਕਰਵਾਈ ਅਤੇ ਅੰਮ੍ਰਿਤਸਰ ਨਗਰ ਵਸਾਇਆ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਇਮਾਰਤ ਦਾ ਨੀਂਹ ਪੱਥਰ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਤੋਂ 1583 ਈ: ਵਿਚ ਰਖਵਾ ਕਰਕੇ ਇਹ ਸਾਬਤ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੇ ਚਲਾਏ ਮਿਸ਼ਨ ਵਿਚ ਕਿਸੇ ਵੀ ਮਜ਼ਹਬ ਨਾਲ ਵਿਤਕਰਾ ਨਹੀਂ ਹੈ । ਇਸ ਅਸਥਾਨ ਦੀ ਸੇਵਾ ਵਿਸ਼ਨੂੰ ਭਗਵਾਨ,ਬੜੇ-ਬੜੇ ਰਿਸ਼ੀ ਮੁਨੀਆਂ ਅਤੇ ਦੇਵੀ-ਦੇਵਤਿਆਂ ਨੇ ਵੀ ਕੀਤੀ ਅਤੇ ਮੁਕੰਮਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਇਆ ਜਿਸ ਵਿਚ ਭਾਈ ਸ਼ਾਲੋ ਜੀ, ਬਾਬਾ ਬੁੱਢਾ ਜੀ ਨੇ ਤਨ ਮਨ ਨਾਲ ਸੇਵਾ ਕੀਤੀ, ਸ੍ਰੀ ਹਰੀ ਮੰਦਰ ਸਾਹਿਬ ਦੇ ਚਾਰ ਦਰਵਾਜੇ ਖੁਲ੍ਹੇ ਹਨ ਜੋ ਕਿ ਇਸ ਗਲ ਦਾ ਸਬੂਤ ਹੈ ਕਿ ਕਿਸੇ ਵੀ ਜਾਤੀ ਦਾ ਮਨੁੱਖ ਦਰਸ਼ਨ ਕਰਕੇ ਜਨਮ ਸਫਲ ਕਰ ਸਕਦਾ ਹੈ । ਦੁਨੀਆ ਵਿਚ ਇਹ ਹੀ ਇਕ ਅਜਿਹਾ ਧਰਮ ਅਸਥਾਨ ਹੈ ਜਿਥੇ ਕਿ ਪੌੜੀਆਂ ਉਤਰ ਕੇ, ਮਨ ਨੀਵਾਂ ਕਰਕੇ,ਹੰਕਾਰ ਤੋਂ ਬਗੈਰ ਜਾਣ ਲਈ ਪ੍ਰੇਰਿਆ ਗਿਆ ਬਾਕੀ ਸਭ ਧਰਮ ਅਸਥਾਨਾਂ ਤੇ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ । ਸਚਖੰਡ ਦੇ ਦਰਸ਼ਨ ਕਰਦਿਆਂ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ । ਹਰੀ ਮੰਦਰ ਸਾਹਿਬ ਅੰਦਰ 24 ਘੰਟੇ ਸ਼ਬਦ-ਕੀਰਤਨ ਤੇ ਪਾਠ ਹੁੰਦੇ ਰਹਿੰਦੇ ਹਨ । ਰੇਡਿਓ ਸਟੇਸ਼ਨ ਜਲੰਧਰ ਤੋਂ ਅੰਮ੍ਰਿਤ ਵੇਲੇ 4-30 ਤੋਂ 6 ਵਜੇ ਤਕ ਅਤੇ ਸ਼ਾਮ 5 ਵਜੇ ਤੋਂ 5-30 ਵਜੇ ਤਕ ਕੀਰਤਨ ਪ੍ਰਸਾਰਣ ਹੁੰਦਾ ਹੈ । ਸੰਗਤਾਂ ਨੂੰ ਬੇਨਤੀ ਹੈ ਕਿ ਜਿਥੋਂ ਤਕ ਆਵਾਜ਼ ਜਾਵੇ ਕੀਰਤਨ ਸੁਣ ਕੇ ਜਨਮ ਸਫਲ ਕਰੋ । ਸ਼ਬਦ ਕੀਰਤਨ ਦਾ ਰੀਲੇਅ ਹਰ ਰੋਜ਼ ਹੁੰਦਾ ਹੈ ।

ਸਿੱਖ ਅਜਾਇਬ ਘਰ

ਜਦੋਂ ਤੁਸੀਂ ਘੰਟਾ ਘਰ ਡਿਓੜੀ ਵਿਚ ਪੈਰ ਧੋ ਕਰਕੇ ਲੰਘੋਗੇ ਤਾਂ ਡਿਓੜੀ ਵਿਚੋਂ ਪੌੜੀਆਂ ਉਪਰ ਜਾਂਦੀਆਂ ਹਨ ਓਥੇ ਗੁਰੂ ਮਹਾਰਾਜ ਜੀ ਦੀਆਂ ਤੇ ਸਿਖ ਇਤਿਹਾਸ ਦੇ ਮਹਾਨ ਜੋਧਿਆਂ, ਸ਼ਹੀਦ ਸਿੰਘਾਂ ਦੀਆਂ ਫੋਟੋ ਅਤੇ ਸ਼ਸਤਰ ਹੱਥ ਲਿਖਤ ਪੁਸਤਕਾਂ ਸਭ ਵਸਤੂਆਂ ਦਾ ਦਰਸ਼ਨ ਕਰ ਸਕਦੇ ਹੋ ।

ਦੁਖ ਭੰਜਨੀ ਬੇਰੀ

ਇਥੇ ਇਕ ਛਪੜੀ ਸੀ ਜਿਸ ਵਿਚ ਜਲ ਰਹਿੰਦਾ ਸੀ ਇਤਹਾਸ ਇਸ ਤਰ੍ਹਾਂ ਹੈ ਕਿ ਪੱਟੀ ਕਸਬਾ ਜੋ ਕਿ ਅੰਮ੍ਰਿਤਸਰ ਤੋਂ 40 ਕਿ: ਮੀ: ਦੀ ਦੂਰੀ ਤੇ ਹੈ, ਉਥੋਂ ਦਾ ਇਕ ਰਾਜਾ ਦੁਨੀ ਚੰਦ ਸੀ। ਜਿਸ ਦੀਆਂ 7 ਲੜਕੀਆਂ ਸਨ। ਦੁਨੀ ਚੰਦ ਅਭਿਮਾਨੀ ਰਾਜਾ ਸੀ। ਇਕ ਦਿਨ ਉਸਨੇ ਆਪਣੀਆਂ ਲੜਕੀਆਂ ਨੂੰ ਪੁਛਿਆ ਕਿ ਤੁਸੀਂ ਕਿਸ ਦਾ ਦਿਤਾ ਖਾਂਦੀਆਂ ਹੋ ? 6 ਲੜਕੀਆਂ ਨੇ ਕਿਹਾ, "ਆਪ ਦਾ ਦਿਤਾ ਖਾਂਦੀਆਂ ਹਾਂ"। ਸੱਤਵੀਂ ਲੜਕੀ ਰਜਨੀ ਨੇ ਕਿਹਾ, "ਮੈਂ ਪ੍ਰਮਾਤਮਾ ਦਾ ਦਿਤਾ ਖਾਂਦੀ ਹਾਂ"। ਰਾਜੇ ਦੁਨੀ ਚੰਦ ਨੇ ਗੁਸੇ ਵਿਚ ਕਿਹਾ, ਤੈਨੂੰ ਪਿੰਗਲੇ ਕੋੜੀ ਨਾਲ ਸ਼ਾਦੀ ਕਰਕੇ ਟੋਰ ਦੇਵਾਂਗਾ, ਦੇਖਾਂਗਾ ਤੂੰ ਕਿਥੋ ਖਾਂਦੀ ਏਂ। ਉਸਨੇ ਪਿੰਗਲੇ ਨਾਲ ਸ਼ਾਦੀ ਕਰਕੇ ਟੋਰ ਦਿਤਾ। ਬੀਬੀ ਆਪਣੇ ਪਤੀ ਨੂੰ ਟੋਕਰੀ ਵਿਚ ਬਿਠਾ ਕੇ ਸਿਰ ਤੇ ਚੁੱਕ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ, ਭੋਜਨ ਦੀ ਤਲਾਸ਼ ਵਿਚ ਛਪੜੀ ਕੋਲ ਪਹੁੰਚ ਗਈ। ਟੋਕਰੀ ਰੱਖ ਕੇ ਆਪ ਭੋਜਨ ਲੈਣ ਪਿੰਡ ਵਿਚ ਚਲੀ ਗਈ। ਉਸ ਤੋਂ ਬਾਅਦ ਪਿੰਗਲੇ ਨੇ ਵੇਖਿਆ ਕਿ ਬੇਰੀ ਦੇ ਥਲੇ ਜੋ ਛਪੜੀ ਹੈ, ਉਸ ਵਿਚ ਕਾਲੇ ਕਾਂ ਆਉਂਦੇ ਹਨ, ਨਹਾ ਕੇ, ਜਦੋਂ ਬਾਹਰ ਨਿਕਲਦੇ ਹਨ ਤਾਂ ਉਹ ਚਿਟੇ ਰੰਗ ਦੇ ਹੋ ਜਾਂਦੇ ਹਨ। ਇਸ ਹੈਰਾਨਗੀ ਭਰੇ ਕੌਤਕ ਨੂੰ ਵੇਖ ਕੇ ਆਪਣੇ ਸ਼ਰੀਰ ਨੂੰ ਘਸੀਟ ਕਰਕੇ, ਇਸ ਛਪੜੀ ਵਿਚ ਇਸ਼ਨਾਨ ਕੀਤਾ ਤੇ ਸ਼ਰੀਰ ਠੀਕ ਹੋ ਗਿਆ ਉਸਨੇ ਇਕ ਉਂਗਲੀ ਨਿਸ਼ਾਨੀ ਵਜੋਂ ਰਖ ਲਈ ਸੀ। ਜਦੋਂ ਰਜਨੀ ਵਾਪਸ ਆਈ, ਵੇਖ ਕਰਕੇ ਹੈਰਾਨ ਹੋ ਗਈ ਅਤੇ ਪੁਛਿਆ, ਮੇਰਾ ਪਤੀ ਕਿਥੇ ਹੈ ? ਉਸਨੇ ਉੱਤਰ ਦਿਤਾ, ਮੈਂ ਹੀ ਤੇਰਾ ਪਤੀ ਹਾਂ। ਇਹ ਝਗੜਾ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਪੇਸ਼ ਹੋਇਆ। ਬੀਬੀ ਰਜਨੀ ਅਤੇ ਪਿੰਗਲੇ ਨੇ ਸਾਰੀ ਵਾਰਤਾ ਦਸੀ ਫਿਰ ਉਹ ਉਂਗਲੀ ਜੋ ਨਿਸ਼ਾਨੀ ਵਜੋਂ ਰਖ ਲਈ ਸੀ, ਉਸ ਨੂੰ ਛਪੜੀ ਵਿਚ ਡਬੋਇਆ ਤਾਂ ਠੀਕ ਹੋ ਗਿਆ। ਇਸੇ ਜਗਾਂ ਤੇ ਗੁਰੂ ਸਾਹਿਬ ਨੇ ਸਰੋਵਰ ਬਣਵਾਇਆ ਅਤੇ ਵਰ ਦਿਤਾ- "ਜੋ ਮਨੁੱਖ ਇਥੇ ਸ਼ੁੱਧ ਆਤਮਾ ਪ੍ਰੇਮ ਸਹਿਤ ਇਸ਼ਨਾਨ ਕਰੇਗਾ, ਉਸ ਦਾ ਦੁੱਖ ਦੂਰ ਹੋ ਜਾਵੇਗਾ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ।"

ਗੁਰੂ ਦਾ ਲੰਗਰ ਅਤੇ ਸਰਾਂ

ਗੁ: ਦੁੱਖ ਭੰਜਨੀ ਬੇਰੀ ਨਾਲ ਡਿਓੜੀ ਚੜ੍ਹ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੇ ਹੈ। ਇਥੋਂ ਹਰ ਮਨੁੱਖ ਬਗੈਰ ਕਿਸੇ ਵਿਤਕਰੇ ਲੰਗਰ ਪ੍ਰਸ਼ਾਦਿ ਛਕ ਸਕਦਾ ਹੈ।ਇਥੇ ਦਿਨ ਵਿਚ 2 ਵਕਤ ਚਾਹ ਦੀ ਸੇਵਾ ਵੀ ਹੁੰਦੀ ਹੈ। ਜੋ ਸੰਗਤਾਂ ਦਰਸ਼ਨ ਕਰਨ ਲਈ ਆਉਂਦੀਆਂ ਹਨ ਉਨ੍ਹਾਂ ਦੇ ਰਹਿਣ ਲਈ ਸਰਾਂ ਵਿਚ ਜਗ੍ਹਾਂ ਮੁਫਤ ਮਿਲਦੀ ਹੈ। ਇਸ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਆਈ ਸੰਗਤ ਨੂੰ ਦੋਨੋ ਤਰ੍ਹਾਂ ਦੀ ਆਤਮਿਕ ਅਤੇ ਸਰੀਰਕ ਖੁਰਾਕ ਮਿਲਦੀ ਹੈ। ਇਹ ਦੋਨੋ ਸਿਰਫ ਇਥੇ ਹੀ ਪ੍ਰਾਪਤ ਹੁੰਦੀਆਂ ਹਨ, ਹੋਰ ਕਿਸੇ ਅਸਥਾਨ ਤੋਂ ਪ੍ਰਾਪਤ ਨਹੀਂ ਹੁੰਦੀਆਂ।

ਗੁਰਦੁਆਰਾ ਮੰਜੀ ਸਾਹਿਬ

ਸ੍ਰੀ ਗੁਰੂ ਰਾਮਦਾਸ ਸਰਾਂ ਤੋਂ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਆਵੋ ਤਾਂ ਰਸਤੇ ਵਿਚ ਵੱਡਾ ਹਾਲ (ਜਿਸ ਨੂੰ ਦੀਵਾਨ ਹਾਲ ਕਹਿੰਦੇ ਹਨ) ਹੈ ਉਸ ਦੇ ਪਾਸ ਇਕ ਅਸਥਾਨ ਮੰਜੀ ਸਾਹਿਬ ਹੈ ਇਸ ਜਗ੍ਹਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਰਾਂਹ ਮਾਹ ਮਾਝ ਰਾਗ ਵਿਚ ਉਚਾਰਨ ਕੀਤਾ ਸੀ, ਦਰਸ਼ਨ ਕਰਨ ਯੋਗ ਹੈ।

ਗੁਰਦਵਾਰਾ ਅਠਸਠ ਤੀਰਥ

ਇਹ ਅਸਥਾਨ, ਗੁ: ਦੁੱਖ ਭੰਜਨੀ ਬੇਰੀ ਦੇ ਪਾਸ ਉੱਚਾ ਥੜਾ ਹੈ। ਇਸ ਜਗ੍ਹਾਂ ਤੇ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਤੋਂ ਚਲ ਕਰਕੇ ਤਲਵੰਡੀ ਜਾ ਰਹੇ ਸਨ ਤਾਂ ਇਸ ਥੜੇ ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ। ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਇਸ ਜਗ੍ਹਾਂ ਤੇ ਬਹੁਤ ਜ਼ਿਆਦਾ ਜੰਗਲ ਹਨ, ਅਸੀਂ ਚਾਹੁੰਦੇ ਹਾਂ ਕਿ ਇਹ ਜਗ੍ਹਾਂ ਆਬਾਦ ਹੋ ਜਾਵੇ। ਇਸ ਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਅਸੀਂ ਚੌਥੇ ਜਾਮੇ ਵਿਚ ਆਵਾਂਗੇ ਤਾਂ ਉਦੋਂ ਇਸ ਜਗ੍ਹਾਂ ਤੇ ਵਸੋਂ ਹੋਵੇਗੀ। ਇਹ ਦੁਨੀਆਂ ਵਿਚ ਇਕ ਅਸਚੱਰਜ ਜਗ੍ਹਾਂ ਬਣੇਗੀ। ਇਸੇ ਜਗ੍ਹਾਂ ਤੇ ਸਤਿਯੁਗ ਵਿਚ ਸੂਰਜਮਲ ਰਾਜੇ ਨੇ ਆਪਣੇ ਪੁੱਤਰ ਦੇ ਸੰਬੰਧ ਵਿਚ ਅਸ਼ਵਮੇਧ ਯਗ ਕੀਤਾ ਸੀ। ਯਗ ਦੇ ਸਮੇਂ ਜੋ ਅੰਮ੍ਰਿਤ ਕੁੰਭ ਰਖਿਆ ਸੀ, ਉਹ ਇਥੇ ਹੀ ਛਡ ਕੇ ਚਲੇ ਗਏ ਸਨ। ਇਸ ਜਗ੍ਹਾਂ ਤੇ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਬੈਠ ਕੇ ਸਰੋਵਰ ਦੀ ਸੇਵਾ ਕਰਾਈ ਸੀ ਅਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ।

ਵਜ਼ੀਰ ਖਾਨ ਨੂੰ ਜਲੰਧਰ ਦੀ ਬੀਮਾਰੀ ਹੋ ਗਈ ਸੀ। ਉਸਦੀ ਬੇਨਤੀ ਸੁਣ ਕਰਕੇ, ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਗਾਰੇ ਦੀ ਟੋਕਰੀ ਮੰਗਵਾਈ। ਜਦੋਂ ਬਾਬਾ ਬੁੱਢਾ ਜੀ, ਗਾਰੇ ਦੀ ਟੋਕਰੀ ਲੈ ਕੇ ਲੰਘ ਰਹੇ ਸਨ ਤਾਂ ਉਹ ਟੋਕਰੀ ਵਜ਼ੀਰ ਖਾਨ ਦੇ ਢਿੱਡ ਤੇ ਡਿੱਗ ਪਈ।ਟੋਕਰੀ ਡਿੱਗਣ ਦੀ ਦੇਰ ਸੀ ਕਿ ਵਜ਼ੀਰ ਖਾਨ ਦੇ ਢਿੱਡ ਦਾ ਪਾਣੀ ਬਾਹਰ ਨਿਕਲ ਗਿਆ ਅਤੇ ਵਜ਼ੀਰ ਖਾਨ ਰਾਜ਼ੀ ਹੋ ਗਿਆ।

ਇਸੇ ਜਗ੍ਹਾਂ ਤੇ ਗੁਰੂ ਅਰਜਨ ਦੇਵ ਜੀ ਨੇ ਚਾਰੇ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਪੋਥੀਆ ਲਿਆ ਕਰਕੇ ਸੁਖ ਆਸਨ ਕੀਤਾ ਅਤੇ ਸਾਰੀ ਰਾਤ ਕੀਰਤਨ ਚਲਦਾ ਰਿਹਾ।

ਗੁ: ਬਾਬਾ ਦੀਪ ਸਿੰਘ ਜੀ ਸ਼ਹੀਦ

ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰਤਾ ਭੰਗ ਕੀਤੀ ਅਤੇ ਅੰਮ੍ਰਿਤ ਸਰੋਵਿਰ ਨੂੰ ਪੂਰ ਦਿੱਤਾ ਸੀ ਤਾਂ ਕੁਝ ਕੁ ਸਿੰਘਾਂ ਨੇ ਦਮਦਮਾ ਸਾਹਿਬ ਤਲਵੰਡੀ ਜਾ ਕਰਕੇ ਬਾਬਾ ਦੀਪ ਸਿੰਘ ਜੀ ਨੂੰ ਖਬਰ ਦਿਤੀ, ਬਾਬਾ ਜੀ ਨੇ ਉਸ ਸਮੇਂ ਅਬਦਾਲੀ ਨੂੰ ਸੋਧਨ ਦਾ ਫੈਸਲਾ ਕਰ ਲਿਆ। ਬਾਬਾ ਜੀ ਨੇ ਸ੍ਰੀ ਦਮਦਮਾ ਸਾਹਿਬ ਜੀ ਤੋਂ

ਅਰਦਾਸ ਕਰਕੇ ਚਾਲੇ ਪਾਏ ਅਤੇ ਤਰਨ ਤਾਰਨ ਸਾਹਿਬ ਜੀ ਤੋਂ ਥੋੜਾ ਅੱਗੇ ਆਕੇ ਗੋਹਲਵੜ ਦੇ ਨਜ਼ਦੀਕ ਲਕੀਰ ਖਿੱਚੀ ਬਾਬਾ ਜੀ ਨੇ ਅਰਦਾਸ ਕੀਤੀ ਅਤੇ ਬਚਨ ਕੀਤਾ ਕਿ ਜਿਸ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਖਾਲੀ ਕਰਵਾਉਣ ਹਿੱਤ ਕੁਰਬਾਨੀ ਦੇਣੀ ਹੈ, ਉਹ ਅੱਗੇ ਆ ਜਾਵੇ ਸੋ ਬਾਬਾ ਜੀ ਨੇ 250 ਕੁ ਸਿੰਘਾਂ ਨੂੰ ਨਾਲ ਲੈ ਕੇ ਚਾਲੇ ਪਾਏ । ਅਹਿਮਦ ਸ਼ਾਹ ਅਬਦਾਲੀ ਨੇ, ਆਪਣੇ ਪੁੱਤਰ ਜਹਾਨ ਖਾਨ ਨੂੰ ,10 ਹਜ਼ਾਰ ਫ਼ੌਜ ਦੇ ਕੇ ਮੁਕਾਬਲੇ ਲਈ ਭੇਜ ਦਿਤਾ । ਪਿੰਡ ਚੱਬੇ ਦੇ ਕੋਲ ਘਮਸਾਨ ਦਾ ਯੁੱਧ ਹੋਇਆ । ਉਥੇ ਦੁਪਾਸੜ ਵਾਰ ਵਿਚ ਜਹਾਨ ਖਾਨ ਮਾਰਿਆ ਗਿਆ ਅਤੇ ਬਾਬਾ ਜੀ ਦਾ ਸ਼ੀਸ਼ ਕਟਿਆ ਗਿਆ ਅਤੇ ਬਾਬਾ ਨੌਧ ਸਿੰਘ ਵੀ ਸ਼ਹੀਦ ਹੋ ਗਏ । ਬਾਬਾ ਨੌਧ ਸਿੰਘ ਜੀ ਸ਼ਹੀਦ, ਦੀ ਜਗ੍ਹਾਂ ਅੰਮ੍ਰਿਤਸਰ ਤੋਂ ਤਰਨ ਤਾਰਨ ਨੂੰ ਜਾਂਦਿਆਂ ਰਸਤੇ ਵਿਚ ਹੈ । ਬਾਬਾ ਜੀ ਦਾ ਅਸਥਾਨ ਉਸਦੇ ਸਾਹਮਣੇ ਹੈ ।ਬਾਬਾ ਜੀ ਪਿੰਡ ਚੱਬੇ ਤੋਂ ਸੀਸ ਤਲੀ ਤੇ ਰਖਕੇ, ੧੮ ਸੇਰ ਦਾ ਖੰਡਾ ਖੜਕਾਂਦੇ, ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਸਮੇਤ ਦੁਖ ਭੰਜਨੀ ਬੇਰੀ ਤੋਂ ਅੱਗੇ ਜਾ ਕੇ ਜਿਥੇ ਅਜਕਲ ਗੁਰਦੁਆਰਾ ਹੈ ਸੀਸ ਰਖਕੇ ਅਰਦਾਸ ਸੰਪੂਰਨ ਕੀਤੀ ਅਤੇ ਸਚਖੰਡ ਪਧਾਰ ਗਏ ਉਥੋਂ ਬਾਬਾ ਜੀ ਦਾ ਸ਼ਰੀਰ ਲਿਆ ਕਰਕੇ ਚਾਟੀ ਵਿੰਡ ਦਰਵਾਜ਼ੇ ਗੁਰਦੁਆਰਾ ਰਾਮਸਰ ਦੇ ਪਾਸ ਸਸਕਾਰ ਕੀਤਾ ਜੋ ਸ਼ਹੀਦ ਗੰਜ, ਬਾਬਾ ਦੀਪ ਸਿੰਘ ਦੇ ਨਾਮ ਤੇ ਸ਼ਸ਼ੋਭਿਤ ਹੈ । ਦਸਵੇਂ ਪਾਤਿਸ਼ਾਹ ਜੀ ਨੇ ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਬਾਬਾ ਦੀਪ ਸਿੰਘ ਨੂੰ ਥਾਪਿਆ ਸੀ ।

ਸਿੱਖ ਰੈਫ਼ਰੈਂਸ ਲਾਇਬਰੇਰੀ

ਗੁ: ਬਾਬਾ ਦੀਪ ਸਿੰਘ ਜੀ ਤੋਂ ਥੋੜਾ ਅੱਗੇ ਚਲਕੇ ਖੱਬੇ ਪਾਸੇ ਡਿਓੜੀ ਦੇ ਉਪਰ ਹੈ । ਇਸੇ ਲਾਇਬਰੇਰੀ ਵਿਚ ਸਿੱਖ ਇਤਿਹਾਸ ਦੇ ਗ੍ਰੰਥ ਹਨ ।ਸਿੱਖ ਕੌਮ ਦੇ ਵਿਦਵਾਨ, ਇਸੇ ਲਾਇਬਰੇਰੀ ਵਿਚੋਂ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ।1984 ਦੇ Blue Star ਸਮੇਂ ਸਾਰਾ ਰਿਕਾਰਡ ਅਗਨ ਭੇਂਟ ਹੋ ਗਿਆ ਸੀ ।

ਕੜਾਹ ਪ੍ਰਸਾਦਿ

ਪ੍ਰਕਰਮਾ ਵਿਚ ਅੱਗੇ ਚਲਦੇ ਹੋਏ ਕੜਾਹ ਪ੍ਰਸਾਦਿ ਦੀਆਂ ਖਿੜਕੀਆਂ ਆਉਂਦੀਆਂ ਹਨ । ਇਥੋਂ ਹਰਿਮੰਦਰ ਸਾਹਿਬ ਜੀ ਵਾਸਤੇ ਮਰਿਆਦਾ ਅਨੁਸਾਰ ਕੜਾਹ ਪ੍ਰਸਾਦਿ ਤਿਆਰ ਹੁੰਦਾ ਹੈ । ਜਿਥੋਂ ਸੰਗਤਾਂ ਕੜਾਹ ਪ੍ਰਸਾਦਿ ਪ੍ਰਾਪਤ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੁਪ੍ਰੇਮ ਸਹਿਤ ਭੇਟਾ ਕਰਦੀਆਂ ਹਨ ।

ਗੁ: ਇਲਾਚੀ ਬੇਰ

ਇਸੇ ਜਗ੍ਹਾ ਤੇ ਗੁਰੂ ਅਰਜਨ ਦੇਵ ਜੀ ਨੇ, ਭਾਈ ਸਾਲ੍ਹੋ ਜੀ ਦੀ ਨਿਗਰਾਨੀ ਹੇਠ ਪਵਿੱਤਰ

ਸਰੋਵਰ ਦੀ ਸੇਵਾ ਸੰਗਤਾਂ ਪਾਸੋਂ ਕਰਵਾਉਣ ਹਿੱਤ ਜ਼ਿਮੇਵਾਰੀ ਲਗਾਈ ਸੀ। ਮੁਗਲ ਸਰਕਾਰ ਵਿਚ ਮੱਸਾ ਰੰਗੜ ਇਸ ਇਲਾਕੇ ਦਾ ਚੌਧਰੀ ਸੀ । ਉਸਨੇ ਹੰਕਾਰ ਵਿਚ ਆ ਕੇ ਸ੍ਰੀ ਹਰੀਮੰਦਰ ਸਾਹਿਬ ਜੀ ਦੀ ਬੇਅਦਬੀ ਕੀਤੀ । ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਪਲੰਗ ਡਾਹ ਕੇ, ਸ਼ਰਾਬ ਪੀ ਕੇ ਵੇਸ਼ਵਾਵਾਂ ਨੂੰ ਨਚਾਉਂਦਾ ਰਿਹਾ ਸੀ । ਇਸ ਗਲ ਦੀ ਇਤਲਾਹ ਬੀਕਾਨੇਰ ਦੇ ਜੰਗਲਾਂ ਵਿਚ ਰਹਿ ਰਹੇ ਸਿੰਘਾਂ ਨੂੰ ਮਿਲੀ । ਉਹਨਾਂ ਵਿਚੋਂ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਜੀ ਨੇ ਘੋੜਿਆਂ ਤੇ ਚੜ੍ਹ ਕੇ ਇਥੇ ਆ ਕੇ ਇਸੇ ਇਲਾਚੀ ਬੇਰੀ ਨਾਲ ਆਪਣੇ ਘੋੜੇ ਬੰਨੇ ਸਨ ਅਤੇ ਠੀਕਰੀਆਂ ਦੀਆਂ ਭਰੀਆਂ ਥੈਲੀਆਂ (ਵਜੋਂ ਲਗਾਨ ਦੇਣ ਵਾਸਤੇ) ਅੰਦਰ ਲੈ ਗਏ ਅਤੇ ਜਾਂਦੇ ਸਾਰ ਹੀ ਮੱਸੇ ਰੰਗੜ ਦਾ ਸੀਸ ਕੱਟ ਕੇ, ਬਰਛੇ ਤੇ ਟੰਗ ਕੇ, ਆਪਣੇ ਘੋੜਿਆਂ ਪਾਸ ਆ ਗਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਾਹੀਵਲ ਦੀ ਹੁੰਦੇ ਹੋਏ ਬੀਕਾਨੇਰ ਦੇ ਜੰਗਲਾਂ ਵਲ ਨੂੰ ਨਿਕਲ ਗਏ । ਸਰਕਾਰੀ ਕਰਮਚਾਰੀ ਵੇਖਦੇ ਹੀ ਰਹਿ ਗਏ । ਇਸ ਕਰਕੇ ਇਸ ਪਵਿੱਤਰ ਲਾਚੀ ਬੇਰੀ ਨੂੰ ਇਤਿਹਾਸ ਨਾਲ ਸੰਬੰਧਤ ਬੇਰੀ ਲਿਖਿਆ ਗਿਆ ਹੈ । 1984 ਵਿਚ ਜ਼ਾਲਮ ਸਰਕਾਰ ਨੇ ਬਲਿਊ ਸਟਾਰ ਸਮੇਂ, ਗੋਲੇ ਮਾਰ ਕੇ ਬੇਰੀ ਤੇ ਗੁਰਦਵਾਰੇ ਨੂੰ ਨੁਕਸਾਨ ਪਹੁੰਚਾਇਆ ਸੀ । ਬੇਰੀ ਦੁਬਾਰਾ ਪੁੰਗਰ ਆਈ ਹੈ ਤੇ ਗੁਰਦੁਆਰਾ ਦੀ ਮੁਰਮੰਤ ਕਰਵਾ ਦਿਤੀ ਗਈ ਹੈ ।

ਦਰਸ਼ਨੀ ਡਿਓੜੀ

ਇਸ ਡਿਓੜੀ, ਦੇ ਰਸਤੇ ਲੰਘ ਕੇ ਪੁਲ ਪਾਰ ਕਰਕੇ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਣਾ ਪੈਂਦਾ ਹੈ । ਇਸ ਦੇ ਦਰਵਾਜ਼ੇ ਬੜੇ ਪੁਰਾਣੇ ਸਮੇਂ ਦੇ ਹਨ । ਮੁਗਲ ਰਾਜ ਵਿਚ ਜਦੋਂ ਮੁਗਲ ਸੈਨਾ ਨੇ ਸੋਮਨਾਥ ਦੇ ਮੰਦਰ ਤੇ ਹਮਲਾ ਕੀਤਾ ਤਾਂ ਉਥੋਂ ਦੇ ਮੰਦਰਾਂ ਵਿਚੋਂ ਸਭ ਕੁਝ ਲੁਟ ਕੇ ਲੈ ਜਾ ਰਹੇ ਸਨ ਤਾਂ ਰਸਤੇ ਵਿਚ ਸਿੰਘਾਂ ਨਾਲ ਟੱਕਰ ਹੋ ਗਈ ਤੇ ਸਿੰਘਾਂ ਨੇ ਇੰਨ੍ਹਾਂ ਪਾਸੋਂ ਸਾਰਾ ਹੀ ਲੁੱਟ ਦਾ ਮਾਲ ਖੋਹ ਲਿਆ । ਜਿਸ ਵਿਚ ਇਹ ਦਰਵਾਜ਼ੇ ਵੀ ਸਿੰਘਾਂ ਨੂੰ ਉਨ੍ਹਾਂ ਪਾਸੋਂ ਹੀ ਮਿਲੇ ਸਨ । ਸਿੰਘਾਂ ਨੇ ਸਾਰਾ ਮਾਲ ਤੇ ਦਰਵਾਜ਼ੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਲਿਆ ਕੇ ਚੜਾ ਦਿੱਤੇ ਸਨ । ਉਦੋਂ ਤੋਂ ਲੈ ਕੇ ਅੱਜ ਤੱਕ ਇਹ ਦਰਵਾਜ਼ੇ ਇਥੇ ਹੀ ਸਸ਼ੋਭਿਤ ਹਨ ।

ਹਰਿਮੰਦਰ ਸਾਹਿਬ

ਦਰਸ਼ਨੀ ਡਿਓੜੀ, ਪਾਰ ਕਰਦਿਆਂ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਮਹਾਰਾਜ ਦੀ ਬੀੜ ਤੇ ਸਸ਼ੋਭਿਤ ਰੁਮਾਲਿਆਂ ਦੇ ਦਰਸ਼ਨ ਹੁੰਦੇ ਹਨ । ਸ੍ਰੀ ਹਰਿਮੰਦਰ ਸਾਹਿਬ ਜੀ ਪਹੁੰਚ ਕੇ ਅੰਮ੍ਰਿਤ ਬਾਣੀ ਦੇ ਕੀਰਤਨ ਸੁਣ ਕੇ ਮਨ ਨੂੰ ਸ਼ਾਂਤੀ ਤੇ ਸਚਖੰਡ ਦੇ ਹਲੂਣੇ ਪ੍ਰਾਪਤ ਹੁੰਦੇ

ਹਨ । ਸ੍ਰੀ ਹਰਿਮੰਦਰ ਸਾਹਿਬ ਵਿਚ ਅੰਮ੍ਰਿਤ ਵੇਲੇ (ਸਾਢੇ 3 ਵਜੇ) ਆਸਾ ਜੀ ਦੀ ਵਾਰ ਦੇ ਕੀਰਤਨ ਸ਼ੁਰੂ ਹੋ ਜਾਂਦੇ ਹਨ । ਇਹ ਅੰਮ੍ਰਿਤਮਈ ਕੀਰਤਨ ਰਾਤ ਸਾਢੇ 9 ਵਜੇ ਤੱਕ ਚਲਦਾ ਰਹਿੰਦਾ ਹੈ । ਗਰਮੀਆਂ ਅਤੇ ਸਰਦੀਆਂ ਵਿਚ ਸਮੇਂ ਮੁਤਾਬਕ ਥੋੜੀ ਜਿਹੀ ਤਬਦੀਲੀ ਵੀ ਹੁੰਦੀ ਹੈ ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਸਵੇਰੇ ਅੰਮ੍ਰਿਤ ਵੇਲੇ, ਸੁਨਿਹਰੀ ਪਾਲਕੀ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ, ਸੰਗਤਾਂ ਸ਼ਬਦ ਪੜਦੀਆਂ ਤੇ ਸਿੰਘ ਸਾਹਿਬ ਜੀ ਚੌਰ ਕਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਲੈ ਜਾਂਦੇ ਹਨ । ਉਪਰੰਤ ਸਿੰਘ ਸਾਹਿਬ ਮਹਾਰਾਜ ਦਾ ਪ੍ਰਕਾਸ਼ ਕਰਕੇ ਮਹਾਂ ਵਾਕ ਲੈਂਦੇ ਹਨ । ਵਾਕ ਤੋਂ ਪਹਿਲਾਂ, ਜਦ ਤੱਕ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪ੍ਰਕਾਸ਼ ਦੀ ਤਿਆਰੀ ਹੁੰਦੀ ਹੈ, ਉਸ ਸਮੇਂ ਦੇ ਵਿਚ ਹਰ ਰੋਜ਼ ਦਰਸ਼ਨ ਕਰਨ ਆਈ ਸੰਗਤ ਦੇ ਵਿਚੋਂ ਕੁਝ ਸ਼ਰਧਾਲੂ ਸਵੀਯਆਂ ਦੇ ਸ਼ਬਦ ਪੜ੍ਹਦੇ ਹਨ । ਸਵੀਯਆਂ ਤੋਂ ਬਾਅਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬੀੜ ਦੇ ਵਿਚੋਂ ਹੁਕਮਨਾਮਾ ਲਿਆ ਜਾਂਦਾ ਹੈ । ਉਹੀ ਹੁਕਮਨਾਮਾ, ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਪਾਸ ਕੰਧ ਦੇ ਲਾਗੇ ਇਕ ਬੋਰਡ ਉਤੇ ਲਿਖਿਆ ਜਾਂਦਾ ਹੈ । ਉਸ ਤੋਂ ਬਾਅਦ, ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਗੁਰੂ ਜੱਸ ਕੀਰਤਨ ਸ਼ੁਰੂ ਹੋ ਜਾਂਦਾ ਹੈ ਜੋ ਰਾਤ ਸਾਢੇ 9 ਵਜੇ ਤੱਕ ਚਲਦਾ ਰਹਿੰਦਾ ਹੈ । ਸਾਢੇ 9 ਤੋਂ 10 ਵਜੇ ਦੇ ਦਰਮਿਆਨ, ਮਹਾਰਾਜ ਦੀ ਬੀੜ ਦਾ ਸੁੱਖ ਆਸਨ ਕਰਨ ਵਾਸਤੇ, ਸ੍ਰੀ ਹਰਿ ਮੰਦਰ ਸਾਹਿਬ ਜੀ ਚੋਂ ਸਵੇਰ ਦੀ ਤਰ੍ਹਾਂ ਰਾਤ ਨੂੰ ਵੀ ਸੁਨਿਹਰੀ ਪਾਲਕੀ ਵਿਚ ਮਹਾਰਾਜ ਜੀ ਨੂੰ ਸਸ਼ੋਭਿਤ ਕਰਕੇ ਸੰਗਤਾਂ ਸ਼ਬਦ ਗਾਇਨ ਕਰਦੀਆਂ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਸੁਖ ਆਸਨ ਕਰਾਉਂਦੀਆਂ ਹਨ । ਰਾਤ 10 ਤੋਂ ਸਵੇਰੇ ਢ਼ਾਈ ਵਜੇ ਤੱਕ, ਸੰਗਤਾਂ ਸ੍ਰੀ ਹਰੀਮੰਦਰ ਸਾਹਿਬ ਜੀ ਦੀ ਇਸ਼ਨਾਨ ਸੇਵਾ ਕਰਦੀਆਂ ਹਨ ਅਤੇ ਨਾਲ ਨਾਲ ਸ਼ਬਦ ਪੜ੍ਹਦੀਆਂ ਰਹਿੰਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਬਾਹਰ ਪ੍ਰਕਰਮਾ ਦੇ ਵਿਚ ਅਕਾਲ ਤਖਤ ਦੇ ਸਾਹਮਣੇ ਸੰਗਤਾਂ ਜੁੜ ਕਰ ਬੈਠ ਜਾਂਦੀਆਂ ਹਨ ਅਤੇ ਸੁਖਮਨੀ ਸਾਹਿਬ ਦੇ ਪਾਠ ਕਰਦੀਆਂ ਹਨ । ਇਸ ਕਰਕੇ ਇਸੇ ਜਗ੍ਹਾਂ ਤੇ 24 ਘੰਟੇ, ਨਾਮ ਸਿਮਰਨ ਤੇ ਗੁਰੂ ਜਸ ਕੀਰਤਨ ਚਲਦਾ ਰਹਿੰਦਾ ਹੈ । ਹੋਰ ਕਿਸੇ ਜਗ੍ਹਾਂ ਵੀ ,ਇਹ ਨਜ਼ਾਰਾ ਵੇਖਣ ਨੂੰ ਨਹੀਂ ਮਿਲਦਾ । ਇਸੇ ਕਰਕੇ ਗੁਰੂ ਸਾਹਿਬ ਗੁਰੂ ਰਾਮਦਾਸ ਜੀ ਨੇ ਇਸ ਨੂੰ ਵਰ ਦਿਤਾ ਸੀ।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ ॥

ਹਰਿ ਕੀ ਪਉੜੀ

ਹਰਿਮੰਦਰ ਸਾਹਿਬ ਤੋਂ ਮੱਥਾ ਟੇਕਣ ਤੋਂ ਬਾਅਦ ਸੰਗਤਾਂ ਹਰਿ ਕੀ ਪਉੜੀ ਤੋਂ ਅੰਮ੍ਰਿਤ ਦਾ

ਚੂਲਾ ਲੈਂਦੀਆਂ ਹਨ । ਇਸ ਅਸਥਾਨ ਦੀ ਜਦੋਂ ਸੇਵਾ ਹੋ ਰਹੀ ਸੀ, ਉਸ ਵੇਲੇ ਸੰਗਤ ਦੇ ਰੂਪ ਵਿਚ ਹਰੀ ਪ੍ਰਭੂ ਨੇ ਆਪ ਆ ਕੇ ਇਸ ਅਸਥਾਨ ਤੇ ਟੋਕਰੀ ਚੁੱਕਣ ਦੀ ਸੇਵਾ ਕੀਤੀ ਸੀ । ਜਦੋਂ ਸੰਗਤ ਵਿਚੋਂ ਕਿਸੇ ਸਿੱਖ ਨੇ ਵੇਖਿਆ ਕਿ, ਇਕ ਸਿੱਖ ਦੇ ਸਿਰ ਤੇ ਜੋ ਟੋਕਰੀ ਚੁੱਕੀ ਹੋਈ ਹੈ ਉਹ ਸਿੱਖ ਦੇ ਸਿਰ ਤੋਂ ਤਕਰੀਬਨ ਇਕ ਗਿੱਠ ਉਚੀ ਸਿੱਖ ਦੇ ਨਾਲ-ਨਾਲ ਜਾ ਰਹੀ ਹੈ, ਤਾਂ ਉਸ ਸਿੱਖ ਨੇ ਗੁਰੂ ਅਰਜਨ ਦੇਵ ਜੀ ਪਾਸ ਜਾ ਕੇ ਇਹ ਸਾਰੀ ਵਿੱਥਿਆ ਦੱਸੀ ਤਾਂ ਗੁਰੂ ਜੀ ਨੇ ਆਪ ਜਾ ਕਲੇ ਉਸ ਸਿੱਖ ਦੇ ਦਰਸ਼ਨ ਕੀਤੇ । ਜਿੰਨ੍ਹਾਂ ਦੇ ਸਿਰ ਤੋਂ ਟੋਕਰੀ ਇੱਕ ਗਿੱਠ ਉਚੀ ਜਾ ਰਹੀ ਸੀ । ਗੁਰੂ ਜੀ ਨੇ ਸਭ ਸੰਗਤਾਂ ਨੂੰ ਦੱਸਿਆ ਕਿ ਹਰੀ ਪ੍ਰਭੂ ਆਪ ਇਸ ਅਸਥਾਨ ਦੀ ਸੇਵਾ ਕਰਨ ਵਾਸਤੇ ਆਏ ਹੋਏ ਹਨ । ਹਰੀ ਪ੍ਰਭੂ ਨੇ ਦੱਸਿਆ ਕਿ ਜਦੋਂ ਅੰਮ੍ਰਿਤ ਕੁੰਡ ਸਮੁੰਦਰ ਮੰਥਨ ਸਮੇਂ ਕੱਢਿਆ ਸੀ, ਤਾਂ ਦੇਵਤੇ ਅਤੇ ਅਸੁਰਾਂ ਵਿਚ ਅੰਮ੍ਰਿਤ ਕੁੰਢ ਨੂੰ ਪ੍ਰਾਪਤ ਕਰਨ ਲਈ ਲੜਾਈ ਹੋ ਗਈ । ਇਸੇ ਹੱਥੋਪਾਈ ਵਿਚ ਅੰਮ੍ਰਿਤ ਕੁੰਡ ਇਥੇ ਡੁੱਲ ਗਿਆ ਸੀ । ਹਰੀ ਪ੍ਰਭੂ ਨੇ ਦੱਸਿਆ ਕਿ ਹੁਣ ਇਸ ਜਗ੍ਹਾਂ ਤੇ ਸਰੋਵਰ ਦੀ ਖੁਦਾਈ ਹੋ ਰਹੀ ਹੈ ਤੇ ਉਸ ਵਿਚ ਹਰਿਮੰਦਰ ਦੀ ਉਸਾਰੀ ਕੀਤੀ ਜਾ ਰਹੀ ਹੈ । ਜੋ ਵੀ ਮਾਈ ਭਾਈ ਸ਼ਰਧਾ ਤੇ ਵਿਸ਼ਵਾਸ ਨਾਲ ਇਸ਼ਨਾਨ ਕਰੇਗਾ ਉਸਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ ਤੇ ਹਰਿ ਕੀ ਪਉੜੀ ਤੋਂ ਜੋ ਪ੍ਰਾਣੀ ਅੰਮ੍ਰਿਤ ਛਕੇਗਾ ਉਸ ਦੇ ਸਾਰੇ ਕਸ਼ਟ ਦੂਰ ਹੋ ਜਾਣਗੇ ।

ਝਲੋਂ

ਸ੍ਰੀ ਹਰੀਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਅਟੱਲ ਰਾਇ ਸਾਹਿਬ ਵਿਖੇ ਪੰਜ ਗੁਰਪੁਰਬਾਂ ਤੇ ਜਲੌਂ ਸਜਾਏ ਜਾਂਦੇ ਹਨ । (1) ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ (2) ਗੁਰੂ ਰਾਮਦਾਸ ਜੀ ਦੇ ਗੁਰਪੁਰਬ (3) ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗੁਰਆਈ ਗੁਰਪੁਰਬ (4) ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਅਤੇ (5) ਪਹਿਲਾ ਪ੍ਰਕਾਸ਼ ਉਤਸਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ । ਜਲੌਂ ਦੇ ਸਮੇਂ, ਤੋਸ਼ਾ ਖਾਨੇ ਵਿਚ ਪਈਆਂ ਬਹੁਮੁਲੀਆਂ ਦੁਰਲੱਭ ਚੀਜ਼ਾਂ ਦੇ ਵੀ ਦਰਸ਼ਨ ਕਰਾਏ ਜਾਂਦੇ ਹਨ । ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਸੋਨੇ ਦੇ ਪਤਰਿਆਂ ਦੇ ਬਣੇ ਹੋਏ ਹਨ; ਉਹ ਚੜਾਏ ਜਾਂਦੇ ਹਨ । ਪੰਜ ਕਹੀਆਂ ਹਨ ਜਿਨ੍ਹਾਂ ਦੇ ਫਾਲੇ ਸੋਨੇ ਦੇ ਤੇ ਦਸਤੇ ਚਾਂਦੀ ਦੇ ਹਨ । ਪੰਜ ਬਾਲਟੇ ਚਾਂਦੀ ਦੇ ਹਨ । ਇਕ ਮੋਰ ਹੈ, ਜੋ ਨੀਲਮ ਤੇ ਹੀਰਿਆਂ ਦਾ ਬਣਿਆ ਹੋਇਆ ਹੈ, ਉਸਦੇ ਮੂੰਹ ਵਿਚ, ਸੁੱਚੇ ਮੋਤੀਆਂ ਦੀ ਮਾਲਾ ਹੈ। ਇਕ ਨੌਲਖਾ ਹਾਰ, ਇਕ ਚੌਰ ਸਾਹਿਬ ਜੋ ਚੰਦਨ ਦੀਆਂ ਤਾਰਾਂ ਦਾ ਬਣਿਆ ਹੋਇਆ ਹੈ । ਕਿਸੇ ਮੁਸਲਮਾਨ ਭਗਤ ਨੇ ਆਪਣੀ ਸਾਰੀ ਜਿੰਦਗੀ ਵਿਚ ਦੋ ਚੌਰ ਸਾਹਿਬ ਬਣਾਏ ਸਨ । ਇਕ ਉਸਨੇ ਗੁਰੂ ਰਾਮਦਾਸ ਜੀ ਦੇ ਘਰ ਭੇਟ ਕੀਤਾ ਅਤੇ ਇਕ ਮਕੇ ਵਿਖੇ ਚੜਾ ਦਿਤਾ ਸੀ ਆਦਿ ਦੇ ਦਰਸ਼ਨ ਕਰਾਏ ਜਾਂਦੇ ਹਨ । ਇਕ ਸੋਨੇ ਦੀਆਂ ਤਾਰਾਂ ਦੀ ਚਾਂਦਨੀ ਹੁੰਦੀ ਸੀ, ਜੋ ਕਿ ਹੈਦਰਾਬਾਦ ਦੇ ਨਵਾਬ ਨੇ

ਮਹਾਰਾਜਾ ਰਣਜੀਤ ਸਿੰਘ ਨੂੰ ਤੋਹਫ਼ੇ ਵਜੋਂ ਦਿਤੀ ਸੀ । ਮਹਾਰਾਜਾ ਰਣਜੀਤ ਸਿੰਘ ਨੇ ਉਸੇ ਵਕਤ, ਉਹ ਚਾਂਦਨੀ, ਗੁਰੂ ਰਾਮਦਾਸ ਜੀ ਦੇ ਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰ ਦਿਤੀ । ਸੰਨ ੧੯੮੪ ਵਿਚ ਜ਼ਾਲਮ ਸਰਕਾਰ ਨੇ, ਸ੍ਰੀ ਹਰੀਮੰਦਰ ਸਾਹਿਬ ਤੇ (ਬਲਿਊ ਸਟਾਰ ਨਾਮ ਦੇ ਆਪਰੇਸ਼ਨ ਦੇ ਸਮੇਂ) ਇਤਨੇ ਤੋਪ ਦੇ ਗੋਲੇ ਮਾਰੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਇਮਾਰਤ ਇਕ ਖੰਡਰ ਦੀ ਨਿਸ਼ਾਨੀ ਬਣ ਗਈ ਅਤੇ ਲਾਗੇ ਦੀਆਂ ਇਮਾਰਤਾਂ ਤੇ ਵੀ ਗੋਲੇ ਜਾ ਕੇ ਵਜਦੇ ਰਹੇ । ਤੋਸ਼ਾਖਾਨਾ ਵਿਖੇ ਜਿਥੇ ਕਿ ਇਹ ਬਹੁਮੁਲੀਆਂ ਚੀਜ਼ਾਂ ਰਖੀਆਂ ਜਾਂਦੀਆਂ ਹਨ, ਇਕ ਗੋਲਾ ਉਥੇ ਵੀ ਜਾ ਕੇ ਡਿਗਿਆ ਤੇ ਸੋਨੇ ਦੀਆਂ ਤਾਰਾਂ ਵਾਲੀ ਚਾਂਦਨੀ, ਉਸ ਅੱਗ ਵਿਚ ਅਗਨ ਦੀ ਭੇਟ ਹੋ ਗਈ, ਜੋ ਕਿ ਅੱਜ ਤਕ ਦੁਬਾਰਾ ਨਹੀਂ ਬਣ ਸਕੀ ।

ਸ੍ਰੀ ਅਕਾਲ ਤਖ਼ਤ ਸਾਹਿਬ

ਇਸ ਅਸਥਾਨ ਤੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਇੱਟਾਂ ਗਾਰੇ ਦੀ ਸੇਵਾ ਕੀਤੀ ਅਤੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ ਦੀ ਨਿਗਰਾਨੀ ਹੇਠ ਬਣਵਾਇਆ ਸੀ ।

ਬੁੱਢੇ ਔਰ ਗੁਰਦਾਸ ਬਣਾਇਓ,
ਔਰ ਕਿਸੀ ਨੇ ਹਾਥ ਨਾ ਲਾਇਓ ॥

ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਣ ਕੇ ਸੰਗਤਾਂ ਨੂੰ ਸ਼ਸਤਰ ਧਾਰੀ ਹੋਣ ਦੇ ਹੁਕਮ ਨਾਮੇ ਜਾਰੀ ਕੀਤੇ ਸਨ । ਕਿਉਂਕਿ ਦੇਸ਼ ਗੁਲਾਮ ਸੀ, ਅਨੇਕਾਂ ਕਿਸਮ ਦੀਆਂ ਪਾਬੰਦੀਆਂ ਲਗੀਆਂ ਹੋਇਆ ਸਨ, ਜਿਵੇਂ ਕਿ ਸ਼ਸਤਰਧਾਰੀ ਹੋਣਾ, ਘੋੜੇ ਦੀ ਸਵਾਰੀ ਕਰਨੀ, ਸਰਕਾਰੀ ਕਰਮਚਾਰੀ ਤੋਂ ਇਲਾਵਾ ਕੁਰਸੀ ਤੇ ਬੈਠਣਾ ਜੁਰਮ ਸੀ । ਇਸ ਕਿਸਮ ਦੀਆਂ 72 ਪਾਬੰਦੀਆਂ ਦੀ ਪਰਵਾਹ ਨਾ ਕਰਦੇ ਹੋਏ, ਤਖ਼ਤ ਦੀ ਸਾਜਨਾ ਕੀਤੀ ਜੋ ਦਿੱਲੀ ਦੇ ਤਖ਼ਤ ਨਾਲੋਂ ਡੇਢ ਫੁੱਟ ਉੱਚਾ ਰਖਿਆ । ਸ੍ਰੀ ਅਕਾਲ ਤਖ਼ਤ ਸਾਹਿਬ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ । ਆਪ ਨੇ ਸ਼ਸਤਰ ਪਹਿਨੇ, ਘੋੜੇ ਦੀ ਸਵਾਰੀ ਕੀਤੀ ਅਤੇ ਸੰਗਤਾਂ ਨੂੰ ਵੀ ਇਹੀ ਹੁਕਮ ਕੀਤਾ ਕਿ ਸ਼ਸਤਰਧਾਰੀ ਹੋਵੇ । ਅੱਜ ਵੀ ਹਰ ਰੋਜ਼ ਰਹਿਰਾਸ ਦੇ ਪਾਠ ਤੋਂ ਬਾਅਦ, ਗੁਰੂ ਸਾਹਿਬਾਨ ਅਤੇ ਪੁਰਾਤਨ ਸ਼ਹੀਦ ਸਿੰਘਾਂ ਦੇ ਸ਼ਸਤਰਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਜਿਨ੍ਹਾਂ ਵਿਚ, ਮੀਰੀ ਪੀਰੀ ਦੇ ਸ੍ਰੀ ਸਾਹਿਬ ਵੀ ਮੌਜੂਦ ਹਨ । ਹਰ ਬੁਧਵਾਰ ਅਤੇ ਐਤਵਾਰ 12 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਹੈ । ਅਨੇਕਾਂ ਸੰਗਤਾਂ ਨੂੰ ਛਕਾ ਕੇ ਗੁਰੂ ਵਾਲੇ ਬਣਾਇਆ ਜਾਂਦਾ ਹੈ । ਇਹ ਅਸਥਾਨ ਸਿੱਖਾਂ ਲਈ ਸਰਵ-ਉਤਮ ਹੈ । ਜੂਨ 1984 ਈ: ਸਮੇਂ ਦੀ ਸਰਕਾਰ ਨੇ, ਸ੍ਰੀ ਹਰੀਮੰਦਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ

ਸਾਹਿਬ ਜੀ ਨੂੰ ਢਹਿ ਢੇਰੀ ਕਰ ਦਿਤਾ। 26 ਜਨਵਰੀ, 1986 ਦੇ ਸਰਬੱਤ ਖਾਲਸੇ ਨੇ, ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਕਾਰ ਸੇਵਾ ਦਮਦਮੀ ਟਕਸਾਲ ਨੂੰ ਸੌਂਪੀ। ਬਲੈਕ ਥੰਡਰ ਤੋਂ 28 ਅਕਤੂਬਰ, 1991 ਤੱਕ ਸੇਵਾ ਬੰਦ ਰਹੀ। ਫਿਰ ਦਮਦਮੀ ਟਕਸਾਲ ਨੇ 29 ਮਾਰਚ, 1992 ਤੋਂ ਤਖਤ ਸਾਹਿਬ ਜੀ ਦੀ ਸੇਵਾ ਦੁਬਾਰਾ ਆਰੰਭ ਕੀਤੀ ਹੈ। ਜੋ ਸੰਗਤਾਂ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਠਾਕਰ ਸਿੰਘ ਜੀ ਦੀ ਸੁਚੱਜੀ ਦੇਖ ਰੇਖ ਹੇਠ ਚਲ ਰਹੀ ਹੈ।

ਗੁ: ਬਾਬਾ ਗੁਰਬਖ਼ਸ ਜੀ ਸ਼ਹੀਦ

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਪਿੱਛਲੇ ਪਾਸੇ ਤੇ ਗੁਰਦੁਵਾਰਾ, ਬਾਬਾ ਗੁਰਬਖ਼ਸ ਜੀ ਦੀ ਯਾਦ ਵਿਚ ਸ਼ਸੋਭਿਤ ਹੈ। ਸੰਮਤ 1822 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਢਾਹ ਕੇ ਮਲੀਆ ਮੇਟ ਕਰਨ ਵਾਸਤੇ 30,000 (ਤੀਹ ਹਜ਼ਾਰ) ਫ਼ੌਜ਼ ਲੈਕੇ ਹਮਲਾ ਬੋਲ ਦਿੱਤਾ। ਬਾਬਾ ਜੀ ਨੇ, ਥੋੜੇ ਜਿਹੇ ਸਿੰਘਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਆਂਨ ਤੇ ਸ਼ਾਨ ਵਾਸਤੇ, ਇਸ ਜਗ੍ਹਾਂ ਤੇ ਸ਼ਹੀਦ ਹੋਏ ਸਨ। ਬਾਬਾ ਜੀ ਦਮਦਮੀ ਟਕਸਾਲ ਦੇ ਦੂਸਰੇ ਜਥੇਦਾਰ ਸਨ।

ਪੁਰਾਤਨ ਸ਼ਸਤਰ

ਪੁਰਾਤਨ ਸ਼ਸਤਰ, ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਸ਼ੋਭਿਤ ਹਨ ਇਨ੍ਹਾਂ ਸ਼ਸਤਰਾਂ ਵਿਚ ਬਾਬਾ ਦੀਪ ਸਿੰਘ ਜੀ ਦਾ 18 ਸੇਰ ਦਾ ਖੰਡਾ, ਦਸਤਾਰ ਤੇ ਸਜਾਉਣ ਵਾਲੇ ਚਕਰ, ਸ਼ਾਮਲ ਹਨ। ਇਨ੍ਹਾਂ ਕੁਝ ਚਕਰਾਂ ਤੇ ਗੁਰਬਾਣੀ ਦੇ ਸ਼ਬਦ ਦਰਜ ਹਨ ਇਸ ਤੋਂ ਪਤਾ ਚਲਦਾ ਹੈ ਕਿ ਪੁਰਾਤਨ ਸਿੰਘਾਂ ਦਾ ਬਾਣੀ ਨਾਲ ਕਿੰਨਾ ਪਿਆਰ ਹੋਇਆ ਕਰਦਾ ਸੀ। ਸ਼ਸਤਰਾਂ ਦੇ ਵਿਚ ਗੁਰੂ ਗੋਬਿੰਦ ਸਿੰਘ ਜੀ, ਦੇ ਦੋ ਤੀਰ ਵੀ ਹਨ। ਜਿਨ੍ਹਾਂ ਨੂੰ ਇਕ-ਇਕ ਤੋਲਾ ਸੋਨਾ ਲਗਿਆ ਹੋਇਆ ਹੈ। ਗੁਰੂ ਸਾਹਿਬ ਦੇ ਸਾਹਿਬਜਾਦਿਆਂ ਦੇ ਸ਼ਸਤਰ ਵੀ ਇਹਨਾਂ ਸ਼ਸਤਰਾਂ ਵਿਚ ਸਸ਼ੋਭਿਤ ਹਨ। ਅਕਾਲੀ ਫੂਲਾ ਸਿੰਘ ਦੀ ਕ੍ਰਿਪਾਨ ਵੀ ਹੈ। ਮੀਰੀ ਪੀਰੀ ਦੇ ਮਾਲਕ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਇਕ ਗੁਰਜ ਵੀ ਹੈ ਜੋ ਕਿ ਕਈ ਧਾਤਾਂ ਦਾ ਮਿਲਕੇ ਬਣਿਆ ਹੋਇਆ ਹੈ। ਇਹਨਾਂ ਸਾਰੇ ਸ਼ਸਤਰਾਂ ਦੇ ਦਰਸ਼ਨ ਹਰ ਰੋਜ਼, ਰਹਿਰਾਸ ਜੀ ਦੇ ਪਾਠ ਤੇ ਅਰਦਾਸ ਤੋਂ ਬਾਅਦ ਕਰਾਏ ਜਾਂਦੇ ਹਨ।

ਗੁਰਦਵਾਰਾ ਥੜ੍ਹਾ ਸਾਹਿਬ

ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਜੀ ਨੇ ਬਾਬਾ ਬਕਾਲਾ ਵਿਖੇ ਭੋਰੇ ਵਿਚ ਬੈਠ ਕੇ 26 ਸਾਲ ਤਕ ਤਪ ਕੀਤਾ, ਤੇ ਪ੍ਰਗਟ ਮੱਖਣ ਸ਼ਾਹ ਲੁਭਾਣੇ ਨੇ ਕੀਤਾ। ਇਤਿਹਾਸ ਵਿਚ ਵਾਕਿਆ ਇਸ ਤਰ੍ਹਾਂ ਹੈ ਕਿ ਮੱਖਣ ਸ਼ਾਹ ਇਕ ਸੋਦਾਗਰ ਸੀ ਤੇ ਬਾਹਰਲੇ ਦੇਸ਼ਾਂ ਤੋਂ ਮਾਲ ਖ਼ਰੀਦ ਕੇ ਹਿੰਦੋਸਤਾਨ ਵਿਚ ਲਿਆ ਕੇ ਵੇਚਦਾ ਹੁੰਦਾ ਸੀ। ਸਮਾਨ ਨਾਲ ਭਰਿਆ ਬੇੜਾ,

ਸਮੁੰਦਰੀ ਤੂਫਾਨ ਦੀ ਲਪੇਟ ਵਿਚ ਆ ਗਿਆ ਤੇ ਬੇੜਾ ਡੁੱਬਣ ਲੱਗਾ। ਨੌਕਰਾਂ ਨੇ ਕਿਹਾ ਕਿ ਸ਼ਾਹ ਜੀ, ਅਸੀਂ ਹੁਣ ਬੇੜਾ ਨਹੀਂ ਬਚਾ ਸਕਦੇ। ਕਿਉਂਕਿ ਅਸੀਂ ਤੂਫਾਨ ਦੀ ਲਪੇਟ ਵਿਚ ਆ ਗਏ ਹਾਂ। ਮੱਖਣ ਸ਼ਾਹ ਲੁਭਾਣਾ ਨੂੰ ਮੌਤ ਨਜ਼ਰ ਆ ਰਹੀ ਸੀ ਤੇ ਉਸਦਾ ਹਿਰਦਾ ਕੰਬ ਉਠਿਆ। ਕੰਬਾਊ ਹਿਰਦਾ ਵੇਖ ਕੇ ਚੇਤਨਾ ਨੂੰ ਇਕਾਗਰ ਕਰਕੇ ਉਸਨੇ ਨੌਵੇਂ ਗੁਰੂ ਪਾਸ ਬੇਨਤੀ ਕੀਤੀ ਕਿ ਮੇਰਾ ਬੇੜਾ ਪਾਰ ਲਗਾ ਦਿਓ। ਮੈਂ ਆਪ ਜੀ ਦੇ ਚਰਨਾਂ ਵਿਚ 500 ਮੋਹਰਾਂ ਭੇਟ ਕਰਾਂਗਾ। ਜਦੋਂ ਬੇਨਤੀ ਕਰਦਿਆਂ ਕਰਦਿਆਂ ਕਾਫੀ ਦੇਰ ਹੋ ਗਈ, ਅੱਖਾਂ ਖੋਹਲੀਆਂ, ਤਾਂ ਕੀ ਵੇਖਦਾ ਹੈ ਕਿ ਬੇੜਾ ਉਸਦਾ ਕਿਨਾਰੇ ਲਗ ਰਿਹਾ ਹੈ। ਉਸਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਮੱਖਣ ਸ਼ਾਹ 500 ਮੋਹਰਾਂ ਲੈ ਕੇ ਪੁੱਛਦਾ ਪੁਛਾਉਂਦਾ ਪੰਜਾਬ ਦੀ ਧਰਤੀ, ਬਾਬੇ ਬਕਾਲੇ ਪਹੁੰਚਿਆਂ, ਤਾਂ ਕੀ ਵੇਖਦਾ ਹੈ, ਇਥੇ ਤਾਂ ਬਾਈ (22) ਗੁਰੂ ਆਪਣੀਆਂ ਆਪਣੀਆਂ ਗੱਦੀਆਂ ਤੇ ਬਿਰਾਜਮਾਨ ਬੈਠੇ ਹਨ। ਮੱਖਣ ਸ਼ਾਹ ਨੇ ਹਰੇਕ ਦੇ ਅੱਗੇ ਪੰਜ-ਪੰਜ ਮੋਹਰਾਂ ਰਖ ਕੇ ਮੱਥਾ ਟੇਕਿਆ। ਕਿਸੇ ਪਾਸੋਂ ਉਸਦੀ ਦਿਲ ਦੀ ਤਸੱਲੀ ਨਾ ਹੋਈ। ਆਖਰ ਉਥੋਂ ਦੇ ਲੋਕਾਂ ਨੂੰ ਪੁਛਿਆ ਕਿ ਇਥੇ ਹੋਰ ਵੀ ਕੋਈ ਗੁਰੂ ਹੈ ? ਤਾਂ ਕਿਸੇ ਨੇ ਕਿਹਾ ਕਿ ਭੋਰੇ ਵਿਚ ਇਕ ਭਗਤ ਬੈਠਾ ਤਪ ਕਰਦਾ ਰਹਿੰਦਾ ਹੈ। ਤਾਂ ਮੱਖਣ ਸ਼ਾਹ ਲੁਭਾਣੇ ਨੇ ਭੋਰੇ ਵਿਚ ਜਾ ਕੇ ਪੰਜ ਮੋਹਰਾਂ ਰਖਕੇ ਮੱਥਾ ਟੇਕਿਆ। ਗੁਰੂ ਸਾਹਿਬ ਨੇ ਕਿਹਾ, "ਭਾਈ ਤੂੰ ਤਾਂ ਪੰਜ ਸੌ ਮੋਹਰਾਂ ਦੇਣ ਦਾ ਵਾਅਦਾ ਕੀਤਾ ਸੀ, ਦੇ ਪੰਜ ਰਿਹਾ ਹੈਂ" ਆਹ ਵੇਖ ਸਾਡੇ ਮੋਢੇ ਵਿਚ, ਤੇਰੇ ਬੇੜੇ ਨੂੰ ਪਾਰ ਕਰਦਿਆਂ ਹੋਇਆਂ ਜੋ ਕਿੱਲ ਚੁਭੇ ਸਨ, ਉਹ ਜ਼ਖ਼ਮ ਅਜੇ ਵੀ ਠੀਕ ਨਹੀਂ ਹੋਏ ਤੇ ਤੂੰ ਕੀਤਾ ਵਾਅਦਾ ਭੁਲ ਗਿਆ ਹੈਂ। ਮੱਖਣ ਸ਼ਾਹ ਨੇ ਜਦੋਂ ਇਹ ਸਭ ਸੁਣਿਆ ਤੇ ਵੇਖਿਆ ਤਾਂ ਮੱਖਣ ਸ਼ਾਹ ਲੁਭਾਣੇ ਨੇ ਕਿਹਾ ਕਿ ਮਹਾਰਾਜ ਦੁਨੀਆਂ ਤਾਰਨ ਵਾਸਤੇ ਪ੍ਰਗਟ ਕਿਉਂ ਨਹੀਂ ਹੁੰਦੇ ? ਤਾਂ ਗੁਰੂ ਜੀ ਨੇ ਕਿਹਾ, "ਜਿਹੜਾ ਸਾਨੂੰ ਪ੍ਰਗਟ ਕਰੇਗਾ, ਉਸਨੂੰ ਆਪਣਾ ਮੂੰਹ ਕਾਲਾ ਕਰਨਾ ਪਵੇਗਾ"। ਮੱਖਣ ਸ਼ਾਹ ਝਟ ਪੱਟ ਬਾਹਰ ਨਿਕਲਿਆ ਤੇ ਉਸਨੇ ਆਪਣੇ ਮੂੰਹ ਤੇ ਕਾਲੀ ਸਿਆਹੀ ਮਲ ਕੇ, ਕੋਠੇ ਤੇ ਚੜ੍ਹ ਕੇ ਰੌਲਾ ਪਾ ਦਿਤਾ, ਕਿ ਮੈਂ ਗੁਰੂ ਲਾਧੋ ਰੇ। ਮੈਂ ਗੁਰੂ ਲਾਧੋ ਰੇ। ਇਹ ਗੱਲ ਸੁਣ ਕੇ ਲੋਕ ਇੱਕਠੇ ਹੋ ਗਏ ਤਾਂ ਉਸਨੇ ਸਾਰੀ ਹੱਡ ਬੀਤੀ ਸੰਗਤ ਨੂੰ ਸੁਣਾ ਦਿਤੀ। ਜਿਸ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪ੍ਰਗਟ ਹੋਏ। ਪ੍ਰਗਟ ਹੋ ਕਰ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚੇ। ਅਜ ਕਲ ਜਿਥੇ ਥੜਾ ਸਾਹਿਬ ਸ਼ੁਸੋਭਿਤ ਹੈ, ਉਸ ਪਾਸੇ ਦਰਵਾਜ਼ਾ ਹੁੰਦਾ ਸੀ। ਉਸ ਸਮੇਂ ਦੇ ਮਹੰਤ ਧੀਰ ਮਲੀਆਂ ਨੇ ਸ੍ਰੀ ਹਰੀਮੰਦਰ ਸਾਹਿਬ ਦਾ ਵੱਡਾ ਦਰਵਾਜਾ ਬੰਦ ਕਰ ਲਿਆ। ਗੁਰੂ ਸਾਹਿਬ ਬਾਹਰ ਹੀ ਇਕ ਬੇਰੀ ਦੇ ਰੁੱਖ ਹੇਠ ਬੈਠ ਗਏ। ਥੋੜਾ ਸਮਾ ਅਰਾਮ ਕਰਨ ਉਪਰੰਤ ਪਿੰਡ ਵੱਲਾ ਸਾਹਿਬ ਵਲ ਚਲੇ ਗਏ।

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੈ।"

ਸੋ ਅੱਜ ਉਸੇ ਜਗ੍ਹਾ ਪਰ ਗੁਰਦਵਾਰਾ ਬੜਾ ਸਾਹਿਬ ਸ਼ੁਸੋਭਿਤ ਹੈ ।

ਨਿਸ਼ਾਨ ਸਾਹਿਬ

ਨਿਸ਼ਾਨ ਸ਼ਬਦ ਤੋਂ ਸਪਸ਼ਟ ਹੁੰਦਾ ਹੈ ਕਿ ਕਿਸੇ ਚੀਜ਼ ਦੀ ਪਹਿਚਾਣ ਵਸਤੂ । ਸੋ ਕੇਸਰੀ ਨਿਸ਼ਾਨ ਸਾਹਿਬ, ਜਿਥੇ ਵੀ ਝੂਲਦੇ ਮਿਲਣਗੇ ਉਸ ਜਗ੍ਹਾਂ ਪਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੋਣਗੇ । ਸ੍ਰੀ ਹਰੀਮੰਦਰ ਸਾਹਿਬ ਵਿਖੇ ਦੋ ਨਿਸ਼ਾਨ ਸਾਹਿਬ ਇਕੱਠੇ ਨਜ਼ਰ ਆਉਂਦੇ ਹਨ । ਇਕ ਨਿਸ਼ਾਨ ਸਾਹਿਬ, ਸ੍ਰੀ ਹਰੀਮੰਦਰ ਸਾਹਿਬ ਜੀ ਦਾ ਤੇ ਦੂਸਰਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਹੈ ।

ਹੁਕਮਨਾਮਾ

ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਅੰਮ੍ਰਿਤ ਵੇਲੇ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਜਿਹੜਾ ਹੁਕਮਨਾਮਾ ਲਿਆ ਜਾਂਦਾ ਹੈ, ਉਸ ਨੂੰ ਬੋਰਡ ਤੇ ਲਿਖਿਆ ਜਾਂਦਾ ਹੈ । ਜਿਹੜਾ ਬੋਰਡ ਸ੍ਰੀ ਅਕਾਲ ਤਖਤ ਸਾਹਿਬ ਦੇ ਸੱਜੇ ਪਾਸੇ ਕੰਧ ਉਪਰ ਲਗਾ ਹੋਇਆ ਹੈ । ਜਿਹੜੀਆਂ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਹਨ, ਉਹ ਇਸ ਜਗ੍ਹਾ ਤੇ ਲਿਖਿਆਂ ਹੁਕਮਨਾਮਾ ਪੜ ਕੇ ਆਪਣੇ ਜੀਵਨ ਸਫਲ ਕਰਦੀਆਂ ਹਨ ।

ਬੇਰ ਬਾਬਾ ਬੁੱਢਾ ਸਾਹਿਬ ਜੀ

ਬਾਬਾ ਬੁੱਢਾ ਜੀ ਦਾ ਜਨਮ ਪਿੰਡ ਕੱਥੂਨੰਗਲ ਜੋ ਕਿ ਅੰਮ੍ਰਿਤਸਰ ਬਟਾਲਾ ਰੋਡ ਤੇ ਸਥਿੱਤ ਹੈ, ਵਿਖੇ ਹੋਇਆ । ਪਿੰਡ ਕਥੂਨੰਗਲ ਵਿਚ, ਇਕ ਵਾਰ ਗੁਰੂ ਨਾਨਕ ਸਾਹਿਬ ਜੀ ਆਏ ਤਾਂ ਇਹ ਬੱਚਾ ਵੀ ਡੰਗਰ ਚਾਰਦਾ ਹੋਇਆ ਗੁਰੂ ਜੀ ਦੇ ਦਰਸ਼ਨ ਕ੍ਰਰਨ ਗਿਆ । ਦਰਸ਼ਨ ਉਪਰੰਤ, ਇਸ ਬੱਚੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੋ ਗੱਲਾਂ ਕੀਤੀਆਂ, ਉਸ ਵੇਲੇ ਗੁਰੂ ਸਾਹਿਬ ਨੇ ਕਿਹਾ ਕਿ ਕਾਕਾ ਤੇਰੀ ਉਮਰ ਤਾਂ ਬਹੁਤ ਥੋੜੀ ਹੈ ਅਤੇ ਜੋ ਤੂੰ ਗੱਲਾਂ ਕੀਤੀਆਂ ਹਨ ਉਹ ਤਾਂ ਬੁਢਿਆਂ ਤੇ ਸਿਆਣਿਆ ਬੰਦਿਆਂ ਵਾਲੀਆਂ ਕੀਤੀਆਂ ਹਨ । ਸੋ ਉਸ ਤੋਂ ਬਾਅਦ, ਇਹਨਾਂ ਦਾ ਨਾਮ ਬਾਬਾ ਬੁੱਢਾ ਜੀ ਪੈ ਗਿਆ । ਬਾਬਾ ਬੁੱਢਾ ਜੀ ਨੇ ਦੂਜੀ ਪਾਤਿਸ਼ਾਹੀ ਤੋਂ ਲੈ ਕੇ, ਛੇਵੀਂ ਪਾਤਸ਼ਾਹੀ ਤੱਕ ਗੁਰਗੱਦੀ ਤਿਲਕ ਆਪਣੇ ਹੱਥਾਂ ਨਾਲ ਲਗਾਇਆ ਹੈ । ਸ੍ਰੀ ਹਰਿਮੰਦਰ ਸਾਹਿਬ ਜੀ ਦੀ ਜਦੋਂ ਤਿਆਰ ਹੋਣ ਦੀ ਸੇਵਾ ਹੋ ਰਹੀ ਸੀ, ਤਾਂ ਉਸ ਸਮੇਂ ਬਾਬਾ ਬੁੱਢਾ ਜੀ ਇਸ ਬੇਰੀ ਹੇਠ ਬੈਠ ਕੇ ਨਾਮ ਸਿਮਰਨ ਵੀ ਕਰਿਆ ਕਰਦੇ ਸਨ । ਇਹ ਬੇਰੀ, ਲਾਚੀ ਬੇਰੀ ਤੇ ਦੁਖ ਭੰਜਨੀ ਬੇਰੀ ਤਿੰਨੇ ਹੀ, ਇਤਿਹਾਸਕ ਬੇਰੀਆਂ ਹਨ ਅਤੇ ਇਹਨਾਂ ਦੀ ਉਮਰ ਤਕਰੀਬਨ 450 ਸਾਲ ਦੇ ਕਰੀਬ ਹੋ ਚੁਕੀ ਹੈ । ਬਾਬਾ ਬੁੱਢਾ ਜੀ ਵਾਲੀ ਬੇਰੀ ਕਾਫੀ ਬਿਰਧ ਹੋਣ ਕਰਕੇ ਇਸਨੂੰ ਸਹਾਰਾ ਦੇਕੇ ਖਲਾਰਿਆ ਹੋਇਆ ਹੈ ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਬੇਨਤੀ ਹੈ

ਕਿ ਜੇ ਉਹਨਾਂ ਪਾਸ ਸਮਾਂ ਹੋਵੇ ਤਾਂ ਇਸ ਸ਼ਹਿਰ ਵਿਚ ਤੇ ਉਸ ਤੋਂ ਬਾਅਦ ਇਸ ਜ਼ਿਲ੍ਹੇ ਵਿਚ ਹੋਰ ਵੀ ਇਤਿਹਾਸਕ ਗੁਰਦਵਾਰੇ ਹਨ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿਤਾ ਗਿਆ ਹੈ। ਸੰਗਤਾਂ ਦਰਸ਼ਨ ਕਰਕੇ ਜਨਮ ਸਫ਼ਲ ਕਰਨ।

ਗੁਰਦੁਆਰਾ ਬਾਬਾ ਅਟੱਲ ਸਾਹਿਬ ਜੀ

ਬਾਬਾ ਅਟਲ ਰਾਇ ਜੀ, ਛੇਵੇਂ ਗੁਰੂ, ਹਰਗੋਬਿੰਦ ਸਾਹਿਬ, ਦੇ ਸਪੁੱਤਰ ਸਨ। ਬਚਪਨ ਵਿਚ ਬਾਲਕ ਰਲ ਕੇ ਖੇਡ ਰਹੇ ਸਨ ਤਾਂ, ਵਾਰੀ ਬਾਬਾ ਮੋਹਣ ਜੀ ਤੇ ਆ ਗਈ। ਰਾਤ ਪੈ ਜਾਣ ਕਰਕੇ ਸਾਰੇ ਬਾਲਕ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਮੋਹਨ ਜੀ ਨੂੰ ਸੱਪ ਲੜ ਗਿਆ ਅਤੇ ਉਹਨਾਂ ਦੀ ਮੌਤ ਹੋ ਗਈ। ਅਗਲੇ ਦਿਨ ਜਦ ਬਾਲ ਫ਼ਿਰ ਇਕੱਠੇ ਹੋਏ ਤਾਂ ਦੇਖਣ ਕਿ ਬਾਬਾ ਮੋਹਣ ਜੀ ਨਹੀਂ ਆਏ। ਬਾਬਾ ਅਟਲ ਰਾਇ ਜੀ ਨੇ ਆਪਣਾ ਇਕ ਸਾਥੀ ਮੋਹਣ ਜੀ ਦੇ ਘਰ ਬੁਲਾਉਣ ਭੇਜਿਆ ਤਾਂ ਸਾਥੀ ਨੇ ਸਾਰੀ ਵਿਥਿਆ ਆ ਕੇ ਦੱਸੀ। ਬਾਬਾ ਮੋਹਣ ਜੀ ਦੇ ਘਰ ਬਾਬਾ ਅਟੱਲ ਰਾਇ ਆਪ ਗਏ ਤੇ ਜੋ ਖੂੰਡੀ ਉਹਨਾਂ ਦੇ ਹੱਥ ਵਿਚ ਸੀ ਉਹ ਮ੍ਰਿਤਕ ਬਾਬਾ ਮੋਹਣ ਜੀ ਦੇ ਗਲ ਵਿਚ ਪਾ ਕੇ ਕਿਹਾ, ਸਾਡੀ ਵਾਰੀ ਤੂੰ ਲੰਮੇ ਪੈ ਗਿਆ ਹੈ; ਚਲ ਉਠੱ ਕੇ, ਸਾਡੀ ਵਾਰੀ ਦੇ। ਇਸ ਗਲ ਕਹਿਣ ਦੀ ਦੇਰ ਸੀ ਕਿ ਮੋਹਣ ਜੀ ਜਿੰਦਾ ਹੋ ਗਏ।

ਇਸ ਸਾਰੀ ਗੱਲ ਦਾ ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਤਾ ਲਗਾ ਤਾਂ ਉਹਨਾਂ ਨੇ ਕਿਹਾ, " ਬਾਬਾ ਅਟਲ ਜੀ, ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ। ਜਾਂ ਤਾਂ ਸਾਨੂੰ ਗੱਦੀ ਛਡਣੀ ਪਵੇਗੀ ਜਾਂ ਤੁਹਾਨੂੰ ਇਸ ਦੀ ਜਗ੍ਹਾਂ ਮ੍ਰਿਤਕ ਹੋਣਾ ਪਵੇਗਾ।" ਸੋ ਉਹਨਾਂ ਨੇ, ਪਿਤਾ ਦਾ ਹੁਕਮ ਮੰਨਿਆ ਅਤੇ ਚਾਦਰ ਲੈ ਕੇ ਲੰਮੇ ਪੈ ਗਏ ਅਤੇ ਜੋਤੀ ਜੋਤ ਸਮਾਂ ਗਏ। ਬਾਬਾ ਜੀ ਦੀ ਉਮਰ, ਉਦੋਂ ਕੇਵਲ 9 ਸਾਲ ਦੀ ਸੀ। ਜਿਸ ਜਗ੍ਹਾਂ ਤੇ ਜੋਤੀ ਜੋਤ ਸਮਾਏ ਸਨ, ਉਸ ਜਗ੍ਹਾਂ ਤੇ ਬਾਬਾ ਜੀ ਦਾ ਅੰਤਮ ਸਸਕਾਰ ਕੀਤਾ ਗਿਆ ਤੇ ਅਜ 9 ਮੰਜਲੀ ਇਮਾਰਤ ਵਿਚ ਗੁਰਦਵਾਰਾ ਬਾਬਾ ਅਟੱਲ ਸਾਹਿਬ ਜੀ ਸੁਸ਼ੋਭਿਤ ਹਨ।

ਗੁਰਦੁਆਰਾ ਮਾਤਾ ਕੌਲਾਂ ਜੀ

ਗੁਰਦੁਆਰਾ ਮਾਤਾ ਕੌਲਾਂ ਜੀ, ਗੁਰਦਵਾਰਾ ਬਾਬਾ ਅਟਲ ਸਾਹਿਬ ਦੇ ਨਾਲ ਸਰੋਵਰ ਦੇ ਕਿਨਾਰੇ ਤੇ ਹੈ। ਸ੍ਰੀ ਹਰੀਗੋਬਿੰਦ ਸਾਹਿਬ, ਜਦੋਂ ਲਾਹੌਰ ਗਏ ਤਾਂ ਉਥੇ ਉਹ ਸਵੇਰੇ ਸ਼ਾਮ ਦੀਵਾਨ ਲਗਾਉਂਦੇ ਤੇ ਆਈਆਂ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਪਦੇਸ਼ ਦੇ ਕੇ ਨਿਹਾਲ ਕਰਿਆ ਕਰਦੇ ਸਨ। ਲਾਹੌਰ ਦੇ ਕਾਜ਼ੀ ਦੀ ਧੀ ਵੀ ਸੰਗਤਾਂ ਨਾਲ ਆ ਕੇ ਗੁਰੂ ਜਸ ਸੁਣਿਆ ਕਰਦੀ ਸੀ। ਉਸਦੇ ਦਿਮਾਗ 'ਚ ਗੁਰੂ ਨਾਨਕ ਦੀ ਬਾਣੀ ਦਾ ਇਤਨਾ ਅਸਰ ਹੋਇਆ ਕਿ ਗੁਰੂ ਤੋਂ ਬਗੈਰ ਰਹਿਣਾ ਮੁਸ਼ਕਲ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਲਾਹੌਰ ਤੋਂ ਅੰਮ੍ਰਿਤਸਰ ਆ ਗਏ ਤਾਂ ਆ ਕੇ ਉਹਨਾਂ ਨੇ ਗੁਰਦਵਾਰਾ ਬਾਬਾ

ਅਟੱਲ ਸਾਹਿਬ ਵਿਖੇ ਸਰੋਵਰ ਦੀ ਖ਼ੁਦਾਈ ਸ਼ੁਰੂ ਕਰਵਾ ਦਿਤੀ ।

ਬੀਬੀ ਕੌਲਾਂ ਵੀ ਕੁਝ ਦਿਨਾਂ ਬਾਅਦ ਉਥੇ ਆ ਗਈ ਤੇ ਕਿਹਾ ਕਿ ਗੁਰੂ ਜੀ ਮੈਨੂੰ ਆਪਣੇ ਚਰਨਾਂ ਦੀ ਛਾਂ ਬਖਸ਼ੋ । ਗੁਰੂ ਜੀ ਨੇ, ਬੀਬੀ ਦੀ ਪ੍ਰੇਮ ਭਗਤੀ ਨੂੰ ਵੇਖ ਕੇ ਕਿਹਾ, ਕਿ – ਬੀਬੀ ਕੌਲਾਂ ਅਸੀਂ ਜੋ ਸਰੋਵਰ ਬਣਾ ਰਹੇ ਹਾਂ ਇਸ ਦਾ ਨਾਮ ਕੌਲਸਰ ਰੱਖ ਦਿਤਾ ਜੋ ਅਜ ਤੱਕ ਇਸੇ ਨਾਮ ਨਾਲ ਹੀ ਪ੍ਰਚਲਿਤ ਹੈ ।

ਗੁਰਦਵਾਰਾ ਬਬੇਕਸਰ

ਗੁਰਦਵਾਰਾ ਬਾਬਾ ਅਟੱਲ ਸਹਿਬ ਤੋਂ ਸਿੱਧੀ ਸੜਕ ਰਾਮਸਰ ਨੂੰ ਜਾਂਦੀ ਹੈ । ਬਾਬਾ ਅਟੱਲ ਸਾਹਿਬ ਤੋਂ ਤਕਰੀਬਨ 2 ਫਰਲਾਂਗ ਦੀ ਦੂਰੀ ਤੇ ਗੁਰਦਵਾਰਾ ਬਬੇਕਸਰ ਸਥਿਤ ਹੈ । ਗੁਰੂ ਹਰਗੋਬਿੰਦ ਸਾਹਿਬ, ਗੁਰੂ ਕੇ ਮਹਿਲਾਂ ਤੋਂ ਜਦੋਂ ਸਵੇਰੇ ਜਾਂ ਸ਼ਾਮ ਸ਼ਿਕਾਰ ਨੂੰ ਜਾਂਦੇ ਸਨ ਤਾਂ, ਵਾਪਸੀ ਤੇ ਇਥੇ ਕਰੀਰ ਦੇ ਰੁਖ ਨਾਲ ਘੋੜੇ ਨੂੰ ਬੰਨਦੇ ਹੁੰਦੇ ਸਨ ਤੇ ਸ਼ਾਮ ਨੂੰ ਇਸੇ ਜਗਾਂ ਪਰ ਬੈਠ ਬਿਬੇਕ ਬਚਨ-ਵਿਥਿਆ ਬਿਲਾਸ ਵੀ ਕਰਿਆ ਕਰਦੇ ਸਨ । ਉਨ੍ਹਾਂ ਨੇ, ਇਥੇ ਇਕ ਸਰੋਵਰ ਵੀ ਬਣਵਾਇਆ ਜਿਸਦਾ ਨਾਮ ਬਿਬੇਕਸਰ ਰਖਿਆ । ਸਰੋਵਰ ਦੇ ਕੰਢੇ ਤੇ ਹੀ ਗੁਰਦਵਾਰਾ ਸਾਹਿਬ ਸਸ਼ੋਭਿਤ ਹੈ, ਜਿਸ ਦਾ ਨਾਮ ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਹੈ ।

ਗੁਰਦੁਆਰਾ ਰਾਮਸਰ

ਪਹਿਲੀ ਪਾਤਸ਼ਾਹੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਚੌਥੀ ਪਾਤਿਸ਼ਾਹੀ, ਸ੍ਰੀ ਗੁਰੂ ਰਾਮਦਾਸ ਜੀ ਤੱਕ, ਜੋ ਬਾਣੀ ਰਚੀ ਗਈ ਸੀ, ਉਸ ਦੀਆਂ ਸੈਂਚੀਆਂ, ਬਾਬਾ ਮੋਹਨ ਜੀ ਪਾਸ ਗੋਇੰਦਵਾਲ ਵਿਖੇ ਸੰਭਾਲ ਕੇ ਰਖੀਆਂ ਹੋਈਆਂ ਸਨ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹ ਸੈਂਚੀਆਂ, ਬਾਬਾ ਬੁੱਢਾ ਜੀ ਨੂੰ ਲੈਣ ਵਾਸਤੇ ਭੇਜਿਆ, ਇਨਕਾਰ ਹੋਣ ਤੇ ਗੁਰੂ ਜੀ ਆਪ ਗੋਇੰਦਵਾਲ ਸਾਹਿਬ ਪਹੁੰਚੇ ਅਤੇ ਬਾਬਾ ਮੋਹਣ ਜੀ ਦੇ ਚੁਬਾਰੇ ਦੇ ਬਾਹਰ ਹੇਠਾਂ ਰੁਕ ਕੇ ਅਵਾਜ਼ ਲਗਾਈ-

'ਮੋਹਣ ਤੇਰੇ ਊਚੇ ਮਹਲ ਅਪਾਰਾ ॥'

ਜਦ ਬਾਬਾ ਮੋਹਣ ਜੀ ਨੇ ਇਹ ਸ਼ਬਦ ਸੁਣੇ ਤਾਂ ਉਹਨਾਂ ਦੀ ਸਮਾਧੀ ਖੁਲ੍ਹ ਗਈ । ਬਾਬਾ ਮੋਹਣ ਜੀ ਨੇ, ਪਾਲਕੀ ਸਾਹਿਬ ਤਿਆਰ ਕਰਾਈ ਅਤੇ ਉਸ ਵਿਚ ਸੈਂਚੀਆਂ ਸਸ਼ੋਭਿਤ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਅੰਮ੍ਰਿਤਸਰ, ਜਿਥੇ ਅਜ ਕਲ ਗੁਰਦੁਆਰਾ ਰਾਮਸਰ ਸਥਿਤ ਹੈ, ਪਹੁੰਚੇ ਅਤੇ ਭਾਈ ਗੁਰਦਾਸ ਜੀ ਪਾਸੋਂ ਉਹਨਾਂ ਨੇ ਇਸੇ ਜਗਾ ਤੇ ਬੈਠ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਲਿਖਵਾਈ ਸੀ । ਇਸੇ ਜਗ੍ਹਾਂ ਪਰ ਬੈਠ ਕੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਸੰਨ 1662 ਈ: ਵਿਚ ਸੁਖਮਨੀ ਦਾ ਉਚਾਰਨ ਕੀਤਾ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਭਾਦਰੋ ਸੁਦੀ ੧ ਸੰਨ

1604 ਈਸਵੀ ਨੂੰ ਕੀਤਾ ਗਿਆ। ਜਿਸਦੇ ਪਹਿਲੇ ਹੈਡ ਗ੍ਰੰਥੀ, ਬਾਬਾ ਬੁੱਢਾ ਜੀ ਥਾਪੇ ਗਏ ਸਨ। ਇਸ ਜਗ੍ਹਾਂ ਪਰ ਅਜੇ ਵੀ ਇਕ ਛੋਟਾ ਜਿਹਾ ਗੁਰਦਵਾਰਾ ਹੈ, ਜਿਥੇ ਸੰਗਤਾਂ ਬੈਠ ਕੇ, ਸੁਖਮਨੀ ਸਾਹਿਬ ਜੀ ਦਾ ਪਾਠ ਕਰਦੀਆਂ ਹਨ। ਇਸ ਦੇ ਨਾਲ ਇਕ ਛੋਟਾ ਜਿਹਾ ਸਰੋਵਰ ਵੀ ਹੈ, ਜਿਸਦਾ ਨਾਮ ਰਾਮਸਰ ਹੈ। ਬਾਬਾ ਖੜਕ ਸਿੰਘ ਜੀ ਨੇ ਇਥੇ ਇਕ ਪੰਜ ਮੰਜਲਾਂ ਦੀ ਇਮਾਰਤ ਦੀ ਉਸਾਰੀ ਕਰਾਈ ਹੈ, ਜਿਸਦਾ ਨਾਮ ਗੁਰੂ ਗ੍ਰੰਥ ਸਾਹਿਬ ਭਵਨ ਰਖਿਆ ਗਿਆ ਹੈ। ਇਥੇ ਅਜਕਲ (ਗੋਲਡਨ ਆਫਸੈਟ) ਪ੍ਰਿੰਟਿੰਗ ਮਸ਼ੀਨਾਂ ਲਗੀਆਂ ਹਨ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤੇ ਜਾਂਦੇ ਹਨ।

ਗੁ: ਬਾਬਾ ਬੋਤਾ ਸਿੰਘ ਜੀ ਤੇ ਗਰਜਾ ਸਿੰਘ ਜੀ

ਬਾਬਾ ਬੋਤਾ ਸਿੰਘ ਜੀ ਅਤੇ ਗਰਜਾ ਸਿੰਘ ਜੀ ਗੁਰੂ ਘਰ ਦੇ ਸੱਚੇ ਅਤੇ ਸੂਰਬੀਰ ਸਿੱਖ ਹੋਏ ਹਨ। ਇਹਨਾਂ ਦੋਵਾਂ ਨੇ, ਗੁਰੂ ਘਰ ਦੀ ਮਰਿਆਦਾ ਦੀ ਬੇਅਦਬੀ ਨੂੰ ਰੋਕਣ ਅਤੇ ਸਿੱਖੀ ਦੀ ਸ਼ਾਨ ਕਾਇਮ ਰੱਖਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹਨਾਂ ਦੀ ਯਾਦ ਵਿਚ, ਇਹ ਅਸਥਾਨ ਬਣਿਆ ਹੋਇਆ ਹੈ। ਇਹ ਗੁ: ਵੀ ਗੁ: ਰਾਮਸਰ ਅਤੇ ਗੁ: ਸ਼ਹੀਦ ਬਾਬਾ ਦੀਪ ਸਿੰਘ ਹੀ ਦੇ ਨਜ਼ਦੀਕ ਹੈ।

ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ, 1662 ਈ: ਨੂੰ ਪਿੰਡ ਪਹੂਵਿੰਡ ਵਿਖੇ, ਸਰਦਾਰ ਭਗਤੰ ਸਿੰਘ ਜੀ ਦੇ ਘਰ ਹੋਇਆ। ਬਚਪਨ ਤੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਰਹਿਣ ਲਗ ਪਏ। ਭਾਈ ਮਨੀ ਸਿੰਘ ਜੀ ਸ਼ਹੀਦ ਵੀ ਆਪ ਦੇ ਸਾਥੀ ਸਨ। ਦਸਮ ਪਿਤਾ ਦੇ ਪਵਿੱਤਰ ਹੱਥੋਂ, ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ, ਰਾਤ ਦਿਨ ਗੁਰੂ ਘਰ ਵਿਚ ਸੇਵਾ, ਸਿਮਰਨ ਕਰਦੇ ਰਹੇ। ਸ਼ਸਤਰ ਚਲਾਉਂਦੇ, ਧਰਮ ਯੁੱਧ ਵਿਚ ਅੱਗੇ ਹੋ ਕੇ ਜੂਝਦੇ, ਖਾਲਸਾ ਬੀਰ ਦਲ ਅਤੇ ਦਮਦਮੀ ਟਕਸਾਲ ਦੇ ਮੋਢੀ ਜਥੇਦਾਰ ਰਹੇ।

ਸੰਨ 1706 ਈ: ਵਿਚ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੀ ਅਗਵਾਈ ਵਿਚ ਭਾਈ ਮਨੀ ਸਿੰਘ ਜੀ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖ ਕੇ ਤਿਆਰ ਕਰਨ ਦਾ ਮਹਾਨ ਕਾਰਜ ਕੀਤਾ। ਆਪ ਜੀ ਸਾਰੀਆਂ ਜ਼ਬਾਨਾਂ ਦੇ ਉੱਚ ਕੋਟੀ ਦੇ ਵਿਦਵਾਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰਕੇ, ਸਾਰੇ ਤਖਤਾਂ ਤੇ ਪ੍ਰਚਾਰ ਲਈ ਭੇਜਿਆ। ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਗੁਰਮਤਿ ਪ੍ਰਚਾਰ ਕਰਨ ਦੇ ਕਾਰਜ ਕਰਨ ਲਗੇ। ਹਰ ਵਿਸਾਖੀ ਦੀਵਾਲੀ ਸਮੇਂ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ ਪਹੁੰਚਦੇ ਸਨ। ਬੰਦਾ ਬਹਾਦਰ ਨੂੰ ਵੀ ਪੂਰੀ ਤਰ੍ਹਾਂ ਸਾਥ ਦਿਤਾ। 1708 ਤੋਂ 1716 ਤੱਕ ਅਨੇਕ ਜੰਗਾ ਫਤਹਿ

ਕੀਤੀਆਂ । ਸ: ਜੱਸਾ ਸਿੰਘ ਆਹਲੂਵਾਲੀਆਂ ਦੇ ਨਾਲ ਰਹਿੰਦੇ ਸਨ ।

ਸੰਨ 1757 ਨੂੰ ਦੁਸ਼ਟ ਅਬਦਾਲੀ ਨੇ ਕਪੂਰ ਸ਼ਾਹ ਨੂੰ ਕਿਹਾ ਕਿ ਸਿੱਖਾਂ ਦੇ ਹਰਿਮੰਦਰ ਸਾਹਿਬ ਨੂੰ ਢਹਿ ਢੇਰੀ ਕਰਕੇ, ਅੰਮ੍ਰਿਤ ਸਰੋਵਰ ਮਿੱਟੀ ਨਾਲ ਪੂਰ ਦਿਤਾ ਜਾਵੇ । ਜਹਾਨ ਖ਼ਾਨ ਨੇ 18 ਜਨਵਰੀ, 1757 ਨੂੰ ਸਰੋਵਰ ਪੂਰ ਦਿਤਾ । ਜਥੇਦਾਰ ਭਾਗ ਸਿੰਘ ਨੇ ਦਮਦਮਾ ਸਾਹਿਬ ਪਹੁੰਚ ਕੇ ਬਾਬਾ ਦੀਪ ਸਿੰਘ ਜੀ ਨੂੰ ਸਾਰੀ ਹਾਲਤ ਦਰਸਾਈ ਤਾਂ ਬਾਬਾ ਜੀ ਨੇ ਕਮਰਕਸੇ ਕਰਕੇ, ਨਗਾਰੇ ਤੇ ਚੋਟ ਲਗਾਈ ।

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ॥" (1105)

ਆਪਣੇ ਸੂਰਬੀਰ ਸਿੰਘ ਨੂੰ ਨਾਲ ਲੈ ਕੇ ਤਰਨ ਤਾਰਨ ਪਹੁੰਚ ਗਏ । ਉਥੇ ਪ੍ਰਣ ਕੀਤਾ, ਸ਼ਹਾਦਤ ਲਈ ਗੁਰੂ ਚਰਨਾਂ ਵਿਚ ਅਰਦਾਸ ਕੀਤੀ ।ਇਹ ਗੱਲ 10 ਫਰਵਰੀ 1660 ਦੀ ਹੈ ।

ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤ ॥(1105)

ਬਾਬਾ ਨੋਧ ਸਿੰਘ, ਬਾਬਾ ਗੁਰਬਖਸ਼ ਸਿੰਘ, ਦੋਨੋਂ ਸੂਰਬੀਰ ਨਾਲ ਸਨ । ਘਮਸਾਨ ਦਾ ਯੁੱਧ ਹੋਇਆ, ਜੈਕਾਰੇ ਗੂੰਜ ਰਹੇ ਸਨ । ਪਿੰਡ ਚਬੇ ਦੇ ਨੇੜ੍ਹੇ ਬਾਬਾ ਨੋਧ ਸਿੰਘ ਜੀ ਲੜਦੇ ਹੋਏ ਸ਼ਹੀਦ ਹੋ ਗਏ, ਬਾਬਾ ਦੀਪ ਸਿੰਘ ਜੀ ਨੇ ਆਪਣਾ ਦੋ ਧਾਰਾ ਖੰਡਾ ਵਾਹਿਆ, ਗੋਹਲਵੜ ਵਿਖੇ, ਮੁਕਾਬਲੇ ਵਿਚ ਗੁਮਾਨ ਖਾਂ ਦਾ ਕਤਲ ਹੋ ਗਿਆ ਅਤੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਵੱਖ ਹੋ ਗਿਆ । ਹੁਣ ਇਥੇ ਗੁਰਦੁਆਰਾ ਟਾਹਲਾ ਸਾਹਿਬ ਸਥਿੱਤ ਹੈ । ਬਾਬਾ ਜੀ ਨੇ ਆਪਣਾ ਸੀਸ, ਆਪਣੇ ਖੱਬੇ ਹੱਥ ਦੀ ਤਲੀ ਤੇ ਰੱਖ ਲਿਆ, ਖੰਡਾ ਵਾਹੁੰਦੇ ਅੱਗੇ ਵਧਦੇ-ਵੱਧਦੇ ਚਾਟੀ ਵਿੰਡ ਤਕ ਪਹੁੰਚ ਗਏ । ਦੁਸ਼ਟਾਂ ਦੇ ਘੇਰੇ ਵਿਚ ਜਕੜੇ ਗਏ, ਤਾਂ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਵਲ ਵਗਾਹ ਕੇ ਸੁਟਿਆ, ਜੋ ਪਰਕਰਮਾ ਵਿੱਚ ਭੇਟਾ ਪ੍ਰਵਾਨ ਹੋ ਗਈ ।ਬਾਬਾ ਦੀਪ ਸਿੰਘ ਜੀ 11 ਨਵੰਬਰ 1760 ਨੂੰ ਸ਼ਹੀਦ ਹੋਏ ।

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥"
"ਮਰਣੁ ਮਣਸਾ ਸੂਰਿਆ ਹਕੁ ਹੈ ॥
ਜੋ ਹੋਇ ਮਰਨਿ ਪਰਵਾਣੋ ॥" (579)

ਚਾਟੀ ਵਿੰਡ ਦੇ ਅਸਥਾਨ ਤੇ ਬਾਬਾ ਦੀਪ ਸਿੰਘ ਜੀ ਦੇ ਧੜ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਰਾਮਗੜ੍ਹੀਆ ਮਿਸ਼ਨ ਦੇ ਸਰਦਾਰਾਂ ਦੀਆਂ ਸਮਾਧਾਂ ਵਿਖੇ ਕੀਤਾ ਗਿਆ । ਇਹ ਸੁੰਦਰ ਅਸਥਾਨ 1976 ਤੋਂ ਸੰਤ ਭੂਰੀ ਵਾਲਿਆਂ ਵਲੋਂ ਬਣਵਾਇਆ ਜਾ ਰਿਹਾ ਹੈ । 26 ਜਨਵਰੀ 1982 ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ 300 ਸਾਲਾ

ਜਨਮ ਦਿਹਾੜਾ ਪੰਥ ਵਲੋਂ ਭਾਰੀ ਰੌਣਕਾਂ ਨਾਲ ਮਨਾਇਆ ਗਿਆ । ਜਨਮ ਅਸਥਾਨ ਪਹੂਵਿੰਡ ਤੋਂ 26 ਕਿਲੋਮੀਟਰ ਦਾ ਜਲੂਸ ਚਾਟੀ ਵਿੰਡ ਦੇ ਸ਼ਹੀਦੀ ਅਸਥਾਨ ਤੱਕ ਪਹੁੰਚਿਆ । ਸਾਰਾ ਅਸਥਾਨ ਹੁਣ ਬਹੁਤ ਸੁੰਦਰ ਸੰਗਮਰਮਰ ਵਾਲਾ ਹੈ । ਸੇਵਕ ਜੱਥਾ ਇਸ਼ਨਾਨ, ਬੜੀ ਲਗਨ ਤੇ ਸ਼ਰਧਾ ਨਾਲ ਸੇਵਾ ਸਿਮਰਨ ਕਰਦਾ ਹੈ । ਹਰ ਐਤਵਾਰ ਨੂੰ ਸਮਾਗਮ ਹੁੰਦੇ ਹਨ । ਪੰਥ ਦੇ ਸੂਰਬੀਰ ਸ਼ਹੀਦ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦੀ ਯਾਦਗਾਰ ਵੀ ਨਾਲ ਹੀ ਹੈ । ਵਿਸਾਖੀ 1978 ਦੇ ਸਾਕੇ ਸਮੇਂ ਦੁਸ਼ਟ ਨਰਕਧਾਰੀਆਂ ਵਲੋਂ ਸੂਰਬੀਰ ਭਾਈ ਫੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਹੋਏ ਸਨ । ਉਨ੍ਹਾਂ ਦੇ ਸਸਕਾਰ ਵੀ ਇਸ ਦੇ ਸਾਹਮਣੇ ਬਬੇਕਸਰ ਦੇ ਨਾਲ ਵਾਲੀ ਥਾਂ ਤੇ ਕੀਤੇ ਗਏ ਸਨ ।

ਗੁਰਦੁਆਰਾ ਦਰਸ਼ਨੀ ਡਿਓੜੀ

ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਕੇ ਮਹਿਲ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਜਾਂਦੇ ਸਨ । ਜਦੋਂ ਉਹ ਇਥੇ ਪਹੁੰਚਦੇ ਸੀ ਤਾਂ ਸ੍ਰੀ ਹਰਿਮੰਦਰ ਸਾਹਿਬ ਨਜ਼ਰ ਆਉਣ ਲੱਗ ਪੈਂਦਾ ਸੀ । ਸੋ ਇਥੇ ਜੌੜੇ ਉਤਾਰ ਕੇ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਜਾਂਦੇ ਸਨ । ਇਸ ਲਈ ਇਸ ਜਗ੍ਹਾਂ ਦਾ ਨਾਮ ਦਰਸ਼ਨੀ ਡਿਓੜੀ ਪੈ ਗਿਆ । ਇਹ ਘੰਟਾ ਘਰ ਤੋਂ 300 ਗਜ਼ ਦੀ ਦੂਰੀ ਤੇ ਬਾਜ਼ਾਰ ਮਾਈ ਸੇਵਾ ਦੇ ਵਿਚ ਸਸ਼ੋਭਿਤ ਹੈ ।

ਗੁਰਦੁਆਰਾ ਚੁਰਸਤੀ ਅਟਾਰੀ

ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੱਤੀ ਹੱਟਾਂ ਅਤੇ ਗੁਰੂ ਬਾਜ਼ਾਰ ਦੀ ਉਸਾਰੀ ਕਰਵਾਉਂਦੇ ਸਨ, ਸਤਿਸੰਗ ਕਰਦੇ ਸਨ ਅਤੇ ਸ਼ਾਮ ਨੂੰ ਕੀਰਤਨ ਸੋਹਿਲੇ ਦਾ ਪਾਠ ਕਰਕੇ, ਗੁਰੂ ਕੇ ਮਹਿਲ ਜਾਂਦੇ ਸਨ ।

ਗੁਰਦੁਆਰਾ ਕਿਲਾ ਲੋਹਗੜ ਸਾਹਿਬ

ਇਹ ਪਵਿੱਤਰ ਕਿਲ੍ਹਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਣਵਾਇਆ ਸੀ । 1665 ਈ: ਨੂੰ ਲਾਹੌਰ ਤੋਂ ਮੁਗਲਸ਼ ਖਾਂ ਨੇ ਫੌਜ਼ ਲੈ ਕੇ ਲੋਹਗੜ ਕਿਲ੍ਹੇ ਤੇ ਚੜਾਈ ਕਰ ਦਿਤੀ, ਜੰਗ ਹੋਈ, ਗੁਰੂ ਸਾਹਿਬ ਜੀ ਨੇ ਲਕੜੀ ਦੀ ਤੋਪ ਤੋਂ ਗੋਲੇ ਛੱਡ ਕੇ ਦੁਸ਼ਮਨ ਦੀ ਫੌਜ਼ ਦਾ ਮੂੰਹ ਫੇਰ ਦਿਤਾ, ਤੇ ਸ੍ਰੀ ਅੰਮ੍ਰਿਤਸਰ ਦੀ ਰੱਖਿਆ ਕੀਤੀ । ਇਹ ਤੋਪ ਹੁਣ ਵੀ ਮੌਜੂਦ ਹੈ ਇਹ ਸ੍ਰੀ ਹਰੀਮੰਦਰ ਸਾਹਿਬ ਜੀ ਤੋਂ 3 ਕਿਲੋਮੀਟਰ ਦੀ ਦੂਰੀ ਤੇ ਮੌਜੂਦ ਹੈ ।

ਗੁਰਦੁਆਰਾ ਗੁਰੂ ਕੇ ਮਹਿਲ

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਹਰੀਮੰਦਰ ਸਾਹਿਬ ਜੀ ਦਾ ਟੱਕ ਲਗਵਾਇਆ ਅਤੇ ਅੰਮ੍ਰਿਤਸਰ ਵਸਾਇਆ। ਆਪ ਜੀ ਨੇ ਇਹ ਮਕਾਨ ਆਪਣੇ ਰਹਿਣ ਦੇ ਲਈ ਬਣਵਾਇਆ। ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਥੇ ਰਹੇ। ਇਥੇ ਬਾਬਾ ਅਟਲ ਰਾਇ ਜੀ, ਬਾਬਾ ਅਣੀ ਰਾਏ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਸੀ। ਇਸ ਲਈ ਸੰਗਤਾਂ ਇਸ ਅਸਥਾਨ ਨੂੰ ਗੁਰੂ ਦੇ ਮਹਿਲ ਕੇ ਨਾਮ ਨਾਲ ਜਾਣਦੀਆਂ ਹਨ। ਇਥੇ ਹਰ ਰੋਜ਼ ਸਵੇਰ ਤੋਂ ਰਾਤ ਤੱਕ ਗੁਰੂ ਕਾ ਲੰਗਰ ਚਲਦਾ ਹੈ। ਇਹ ਅਸਥਾਨ ਸ੍ਰੀ ਹਰੀਮੰਦਰ ਸਾਹਿਬ ਜੀ ਤੋਂ 1 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ

ਬਾਬਾ ਸ਼ਾਲ੍ਹੋ ਜੀ, ਗੁਰੂ ਘਰ ਦੀ ਸੇਵਾ ਭਜਨ ਅਤੇ ਸਤਿਕਾਰ ਵਾਲੇ ਮਹਾਪੁਰਸ਼ ਸਨ। ਇਸ ਅਸਥਾਨ ਤੇ ਭਾਈ ਸਾਹਿਬ ਤਲਾਬ ਦੇ ਕਿਨਾਰੇ ਝੋਂਪੜੀ ਬਣਾ ਕੇ, ਤਪ ਕਰਦੇ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਵਾਇਆ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸ਼ ਹੋ ਕੇ ਇਨ੍ਹਾਂ ਨੂੰ ਬਹੁਤ ਵਰ ਦਿਤੇ ਸਨ ਅਤੇ ਇਨ੍ਹਾਂ ਨੂੰ ਕੋਤਵਾਲ ਦਾ ਆਹੁੱਦਾ ਦਿਤਾ ਸੀ। ਉਹਨਾਂ ਨੇ ਇਥੋਂ ਇਹ ਵਰ ਦਿਤਾ ਕਿ ਜਿਸ ਇਸਤਰੀ ਦੇ ਘਰ ਔਲਾਦ ਨਹੀਂ ਹੈ, ਜੇਕਰ ਉਹ, ਸ਼ਰਧਾ ਨਾਲ ਇਸ ਟੋਭੇ ਵਿਚ ਇਸ਼ਨਾਨ ਕਰੇਗੀ, ਭਗਵਾਨ ਉਸ ਦੀ ਮੁਰਾਦ ਜ਼ਰੂਰ ਪੂਰੀ ਕਰੇਗਾ। ਇਥੇ ਤਾਪ ਦੀ ਕਥਾ ਸੁਣਕੇ ਤਾਪ(ਬੁਖਾਰ) ਉਤਰ ਜਾਂਦਾ ਹੈ। ਇਹ ਗੁਰੂ ਕੇ ਮਹਿਲ ਤੋਂ ਪੱਛਮ ਦਿਸ਼ਾ ਵਲ 200 ਗਜ਼ ਦੀ ਦੂਰੀ ਤੇ ਸਥਿੱਤ ਹੈ।

ਗੁਰਦੁਆਰਾ ਸੰਤੋਖਸਰ (ਟਾਹਲੀ ਸਾਹਿਬ)

ਇਹ ਪਵਿੱਤਰ ਅਸਥਾਨ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਵਿਚ ਬਣਿਆ। ਜਦੋਂ ਸਰੋਵਰ ਦੀ ਖੁਦਾਈ ਹੋ ਰਹੀ ਸੀ, ਤਾਂ ਇਥੋਂ ਇਕ ਮਟਕਾ ਨਿਕਲਿਆ, ਜਿਸ ਵਿਚ ਬਾਬਾ ਸੰਤੋਖ ਜੀ, ਬਹੁਤ ਲੰਬੇ ਅਰਸੇ ਤੋਂ ਤੱਪ ਕਰਦੇ ਨਜ਼ਰ ਆਏ। ਜੋ ਕਿ ਗੁਰੂ ਸਾਹਿਬ ਦੀ ਇੰਤਜ਼ਾਰ ਅਤੇ ਦਰਸ਼ਨਾਂ ਲਈ ਵਿਆਕੁਲ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਉਹਨਾਂ ਦੀ ਮੁਕਤੀ ਹੋਈ। ਉਹਨਾਂ ਦੇ ਨਾਮ ਤੇ ਇਸ ਅਸਥਾਨ ਦਾ ਨਾਮ ਸੰਤੋਖਸਰ ਰੱਖਿਆ ਗਿਆ। ਇਹ ਗੁਰਦੁਆਰਾ ਬਾਜ਼ਾਰ ਟਾਹਲੀ ਸਾਹਿਬ ਦੇ ਵਿਚ ਸ਼ੁਸ਼ੋਭਿਤ ਹੈ।

ਗੁਰਦੁਆਰਾ ਸਾਰਾਗੜ੍ਹੀ ਜੀ

ਸਿੱਖਾਂ ਨੇ ਕੋਹਾਟ ਜ਼ਿਲ੍ਹੇ ਦੇ ਪਠਾਣਾਂ ਨਾਲ ਯੁੱਧ ਕੀਤਾ ਅਤੇ ਸਾਰਾਗੜ੍ਹੀ ਦਾ ਇਲਾਕਾ ਜਿੱਤ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹਨਾਂ ਦੀ ਯਾਦ ਵਿਚ ਇਸ ਗੁਰਦੁਆਰੇ ਦਾ ਨਾਮ ਸਾਰਾਗੜ੍ਹੀ ਰੱਖਿਆ ਗਿਆ। ਇਹ ਗੁਰਦੁਆਰਾ, ਧਰਮ ਸਿੰਘ ਮਾਰਕੀਟ ਤੋਂ ਥੋੜਾ ਅੱਗੇ

ਜਾ ਕੇ ਖੱਬੇਂ ਹੱਥ ਸਥਿਤ ਹੈ ।

ਦੁਰਗਿਆਨਾ ਮੰਦਰ

ਇਹ ਅਸਥਾਨ ਲੋਹਗੜ੍ਹ ਗੁਰਦੁਆਰੇ ਤੋਂ ਇਕ ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ । ਇਸ ਜਗ੍ਹਾਂ ਤੇ ਪਹਿਲਾਂ ਸ੍ਰੀ ਸੀਤਲਾ ਮੰਦਰ ਅਤੇ ਸ੍ਰੀ ਹਨੂੰਮਾਨ ਜੀ ਦਾ ਮੰਦਰ ਸੀ । ਇਹ ਮੰਦਰ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਾਂਙ ਹੀ ਸਰੋਵਰ ਦੇ ਵਿਚਕਾਰ ਸ਼ੁਸ਼ੋਭਿਤ ਹੈ । ਮੰਦਰ ਅੰਦਰ ਸ੍ਰੀ ਰਾਮਚੰਦਰ ਜੀ, ਸੀਤਾ ਜੀ, ਲਛਮਣ ਜੀ, ਭਰਤ ਜੀ ਸ਼ਤਰੂਘਣ ਜੀ, ਰਾਮ ਦਰਬਾਰ ਲਛਮੀ ਨਾਰਾਇਣ, ਸ਼ਿਵ ਜੀ, ਰਾਧਾ-ਕ੍ਰਿਸ਼ਨ, ਸੀਤਲਾ, ਦੁਰਗਾ ਅਤੇ ਮਹਾਤਮਾ ਤੁਲਸੀ ਜੀ ਦੀਆਂ ਮੂਰਤੀਆਂ ਸਥਾਪਿਤ ਹਨ । ਪੰਡਤ ਮਦਨ ਮੋਹਨ ਮਾਲਵੀਆ ਨੇ, 19 ਜੂਨ, 1927 ਨੂੰ ਗਊ ਦੀ ਪੂਛ ਫੜ ਕੇ, ਸਰੋਵਰ ਨੂੰ ਪਾਰ ਕੀਤਾ ਸੀ । ਇਸ ਮੰਦਰ ਵਿਚ ਵੇਦ, ਗੀਤਾ, ਰਾਮਾਇਣ, ਭਜਨ ਅਤੇ ਪੂਜਾ-ਪਾਠ ਹੁੰਦਾ ਰਹਿੰਦਾ ਹੈ । ਇਸਦਾ ਇਤਿਹਾਸ, ਇਸ ਤਰ੍ਹਾਂ ਹੈ ਕਿ ਜਦੋਂ ਸ੍ਰੀ ਰਾਮ ਚੰਦਰ ਜੀ ਅਤੇ ਲਵ, ਕੁਸ਼ ਦੀ ਲੜਾਈ ਰਾਮ ਤੀਰਥ ਵਿਖੇ ਹੋਈ ਸੀ, ਤਾਂ ਜਿਸ ਬੋਹੜ ਦੇ ਦਰਖਤ ਨਾਲ ਸ੍ਰੀ ਹਨੂਮਾਨ ਜੀ ਨੂੰ ਲਵ, ਕੁਸ਼ ਨੇ ਬੰਨ ਕੇ ਰੱਖਿਆ ਸੀ ਉਹ ਪੁਰਾਤਨ ਦਰੱਖਤ ਅੱਜ ਵੀ ਖੜਾ ਹੈ ।

ਮੰਦਰ ਮਾਤਾ ਲਾਲ ਦੇਵੀ (ਮਾਡਲ ਟਾਊਨ ਅੰਮ੍ਰਿਤਸਰ)

ਇਹ ਅਸਥਾਨ, ਰੇਲਵੇ ਸਟੇਸ਼ਨ ਤੋਂ ਤਕਰੀਬਨ 2 ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ ।ਇਹ ਮੰਦਰ ਲਾਲ ਦੇਵੀ ਮਾਤਾ ਦਾ ਹੈ । ਇਸ ਅਸਥਾਨ ਤੇ ਮਾਤਾ ਲਾਲ ਦੇਵੀ ਜੀ ਨੇ ਬਹੁਤ ਅਰਸਾ ਤੱਪ ਕੀਤਾ ਹੈ । ਇਸ ਮੰਦਰ ਦੀ ਬਣਤਰ ਮਾਤਾ ਵੈਸ਼ਨੋ ਦੇਵੀ ਦੇ ਮੰਦਰ ਵਾਂਗ ਹੀ ਬਣਾਈ ਗਈ ਹੈ । ਇਹ ਮੰਦਰ ਬਹੁਤ ਹੀ ਸੁੰਦਰ ਕਲਾ ਦਾ ਨਮੂਨਾ ਹੈ । ਇਸ ਮੰਦਰ ਵਿਚ ਮਾਤਾ ਵੈਸ਼ਨੋ ਦੇਵੀ ਮੰਦਰ ਵਾਂਗ ਹੀ ਸੁਰੰਗ ਦਾ ਨਿਰਮਾਣ ਕੀਤਾ ਗਿਆ ਹੈ । ਇਹ ਮੰਦਰ ਦੇਖਣਯੋਗ ਹੈ ।

ਜਲ੍ਹਿਆਂ ਵਾਲਾ ਬਾਗ

13 ਅਪ੍ਰੈਲ, 1919 ਨੂੰ ਇਸ ਇਤਿਹਾਸਕ ਜਗ੍ਹਾਂ ਤੇ ਇਕ ਸਭਾ ਹੋਈ ਸੀ ।ਸਭਾ ਵਿਚ ਇਕੱਠੇ ਹੋਏ ਲੋਕਾਂ ਉਤੇ, ਜਨਰਲ ਡਾਇਰ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿਤਾ । ਜਿਸਦੇ ਫਲਸਰੂਪ ਭੱਜ ਦੋੜ ਮੱਚ ਗਈ । ਬਹੁਤ ਸਾਰੇ ਵਿਅਕਤੀ ਜ਼ਖ਼ਮੀ ਅਤੇ ਕਾਫੀ ਵੱਡੀ ਗਿਣਤੀ ਵਿਚ ਵਿਅਕਤੀ ਸ਼ਹੀਦ ਹੋ ਗਏ । ਭੱਜ ਦੋੜ ਤੋਂ ਪ੍ਰਭਾਵਿਤ ਹੋ ਕੇ 120 ਵਿਅਕਤੀ ਉਥੇ ਹੀ ਇਕ ਖੂਹ ਵਿਚ ਡਿੱਗ ਕੇ ਸ਼ਹੀਦ ਹੋ ਗਏ । ਇਹ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕੋਲ ਹੀ ਸਥਿੱਤ ਹੈ ।

ਦਰਸ਼ਨ ਕਰਨ ਯੋਗ ਹੋਰ ਗੁਰਦੁਆਰੇ

ਬਾਹਰੋਂ ਆਈਆਂ ਹੋਈਆਂ ਸੰਗਤਾਂ ਪਾਸ ਜੇਕਰ ਸਮਾਂ ਹੋਵੇ ਤਾਂ ਹੇਠਾਂ ਸੰਖੇਪ ਰੂਪ ਵਿਚ ਨਿਮਨਲਿਖਤ ਗੁਰਦੁਆਰਿਆਂ ਦਾ ਵਰਨਣ ਕੀਤਾ ਗਿਆ ਹੈ । ਇਹਨਾਂ ਗੁਰਦੁਆਰਿਆਂ ਦੀ ਅੰਮ੍ਰਿਤਸਰ ਬਸ ਅੱਡੇ ਤੋਂ ਦੂਰੀ ਵੀ ਦੱਸੀ ਗਈ ਹੈ ।ਇਹਨਾਂ ਸਾਰੇ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰੇ ਕਰਕੇ ਆਪਣਾ ਜੀਵਨ ਸਫ਼ਲਾ ਬਣਾਉ ਜੀ ।

ਗੁਰਦੁਆਰਾ ਪਿੱਪਲੀ ਸਾਹਿਬ

ਇਹ ਗੁਰਦੁਆਰਾ ਅੰਮ੍ਰਿਤਸਰ ਵਿਚ ਹੀ ਹੈ ।ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਜਾਂਦਿਆਂ, ਰਸਤੇ ਵਿਚ ਪੁਤਲੀ ਘਰ ਆਉਂਦਾ ਹੈ, ਉਥੇ ਹੀ ਇਹ ਗੁਰਦੁਆਰਾ ਪਿੱਪਲੀ ਸਾਹਿਬ ਸੁਸ਼ੋਭਿਤ ਹੈ । ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਇਥੇ ਰੁਕੀਆਂ ਸਨ । ਗੁਰੂ ਜੀ, ਰਾਤ ਸੇਵਾਦਾਰ ਦਾ ਰੂਪ ਧਾਰ ਕੇ ਸਾਰੀ ਰਾਤ ਸੰਗਤਾਂ ਦੀ ਟਹਿਲ ਸੇਵਾ ਕਰਦੇ ਰਹੇ । ਸਵੇਰੇ ਪਤਾ ਲੱਗਿਆ ਕਿ ਜਿਹੜਾ ਸੇਵਾਦਾਰ ਸਾਰੀ ਰਾਤ ਸੰਗਤਾਂ ਦੀ ਸੇਵਾ ਕਰਦਾ ਰਿਹਾ ਹੈ 'ਉਹੀ' ਤਾਂ ਗੁਰੂ ਅਰਜਨ ਦੇਵ ਜੀ ਸਨ । ਜਿੰਨ੍ਹਾਂ ਦੇ ਦਰਸ਼ਨਾਂ ਨੂੰ ਸਾਰੀ ਸੰਗਤ ਲੋਚਦੀ ਹੈ, 'ਉਹੀ' ਤਾਂ ਸੇਵਾ ਕਰ ਰਹੇ ਸਨ । ਨਿਮਰਤਾ, ਸ਼ਾਂਤੀ ਅਤੇ ਦੈਵੀ ਗੁਣਾਂ ਦੇ ਪ੍ਰਤੀਕ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ।

"ਭੱਲੈ ਅਮਰਦਾਸ ਗੁਣ ਤੇਰੈ ਤੇਰੀ ਉਪਮਾਂ ਤੋਹਿ ਬਨਿ ਆਵੈ"

ਗੁਰਦੁਆਰਾ ਵੱਲਾ ਸਾਹਿਬ

ਇਹ ਗੁਰਦੁਆਰਾ ਸਾਹਿਬ, ਅੰਮ੍ਰਿਤਸਰ ਤੋਂ ਮਹਿਤੇ ਜਾਣ ਵਾਲੀ ਸੜਕ ਤੇ ਸੁਸ਼ੋਭਿਤ ਹੈ ।ਇਸ ਗੁਰਦੁਆਰਾ ਸਾਹਿਬ ਦੀ ਦੂਰੀ ਅੰਮ੍ਰਿਤਸਰ ਤੋਂ ਕੇਵਲ 6 ਕਿਲੋਮੀਟਰ ਹੈ । ਨੌਵੇਂ ਗੁਰੂ, ਜਦੋਂ ਸ੍ਰੀ ਹਰਿਮੰਦਰ ਸਾਹਿਬ ਜੀ, ਦੇ ਦਰਸ਼ਨਾਂ ਨੂੰ ਆਏ ਤਾਂ ਉਸ ਵੇਲ੍ਹੇ ਦੇ ਪ੍ਰਬੰਧਕਾਂ (ਮਹੰਤਾਂ) ਨੇ ਦਰਵਾਜ਼ੇ ਬੰਦ ਕਰ ਦਿਤੇ । ਜਦ ਦਰਸ਼ਨ ਕਰਾਉਣ ਤੋਂ ਨਾਂਹ ਕਰ ਦਿਤੀ ਤਾਂ ਗੁਰੂ ਜੀ ਉਥੋਂ ਵਾਪਸ ਚਲ ਕੇ ਵੱਲਾ ਸਾਹਿਬ ਇਕ ਬਿਰਧ ਮਾਈ ਦੇ ਕੋਠੇ ਵਿਚ ਜਾ ਕੇ ਰਹੇ । ਉਥੋਂ ਦੀਆਂ ਮਾਈਆਂ ਨੇ ਗੁਰੂ ਸਾਹਿਬ ਦੀ ਅਨਿਨ ਸੇਵਾ ਭਗਤੀ ਕੀਤੀ । ਗੁਰੂ ਸਾਹਿਬ ਨੇ ਉਥੇ ਆਪਣੇ ਮੁਖੋਂ ਇਹ ਬਚਨ ਉਚਾਰੇ

"ਅੰਮ੍ਰਿਤਸਰੀਏ ਅੰਦਰ ਸੜੀਏ, ਮਾਈਆਂ ਰਬ ਰਜਾਈਆਂ"

ਫਿਰ ਅੰਮ੍ਰਿਤਸਰ ਤੋਂ ਸੰਗਤਾਂ ਨੇ ਜਾ ਕੇ ਆਪਣੀ ਭੁੱਲ ਦੀ ਮੁਆਫੀ ਮੰਗੀ । ਗੁਰੂ ਸਾਹਿਬ ਨੇ ਬਚਨ ਕੀਤਾ ਕਿ ਅੰਮ੍ਰਿਤਸਰ ਨਿਵਾਸੀ ਹਰ ਮਾਈ ਭਾਈ ਜੋ ਬਸੰਤ

ਪੰਚਮੀ ਤੋਂ 15 ਦਿਨਾਂ ਬਾਅਦ ਮੇਲੇ ਤੇ ਹਾਜ਼ਰੀ ਭਰੇਗਾ, ਉਸਦੀ ਹਰ ਮਨੋਕਾਮਨਾ ਪੂਰੀ ਹੋਵੇਗੀ ਅਤੇ ਸਾਰਾ ਸਾਲ ਸੁਖਮਈ ਬਤੀਤ ਹੋਵੇਗਾ ।

ਗੁਰਦੁਆਰਾ ਛੇਹਰਟਾ ਸਾਹਿਬ

ਇਹ ਗੁਰਦੁਆਰਾ, ਸ੍ਰੀ ਅੰਮ੍ਰਿਤਸਰ ਤੋਂ 6 ਮੀਲ ਦੀ ਦੂਰੀ ਤੇ ਸਥਿੱਤ ਹੈ । ਇਥੇ ਇਕ ਛੇਹਰਟਾ ਖੂਹ ਹੈ, ਜਿਸਦਾ ਨਿਰਮਾਣ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਵਾਇਆ ਸੀ । ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵਰ ਦਿਤਾ ਹੋਇਆ ਹੈ ਕਿ ਜਿਸ ਦੇ ਘਰ ਔਲਾਦ ਨਾ ਹੁੰਦੀ ਹੋਵੇ, ਉਹ ਇਸ ਖੂਹ ਦੇ ਜਲ ਨਾਲ ਪੰਜ ਪੰਚਮੀਆਂ ਆਕੇ ਇਸ਼ਨਾਨ ਕਰੇ, ਉਸਦੇ ਘਰ ਔਲਾਦ ਹੋ ਜਾਵੇਗੀ । ਗੁਰਦੁਆਰਾ ਸਾਹਿਬ ਵਿਖੇ ਲੰਗਰ ਹਰ ਸਮੇਂ ਅਤੁੱਟ ਵਰਤਦਾ ਰਹਿੰਦਾ ਹੈ ।

ਗੁਰੂ ਕੀ ਵਡਾਲੀ

ਇਹ ਗੁਰਦੁਆਰਾ, ਛੇਹਰਟਾ ਸਾਹਿਬ ਤੋਂ ਤਕਰੀਬਨ 1 ਮੀਲ ਦੀ ਦੂਰੀ ਤੇ ਸਥਿੱਤ ਹੈ । ਇਸ ਜਗ੍ਹਾਂ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ਸੀ । ਇਹ ਗੁਰਦੁਆਰਾ ਵੀ ਵੇਖਣ ਯੋਗ ਅਸਥਾਨ ਹੈ ਜੀ ।

ਗੁਰਦੁਆਰਾ ਸੰਨ੍ਹ ਸਾਹਿਬ

ਇਹ ਗੁਰਦੁਆਰਾ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੇਵਲ 12 ਕਿਲੋਮੀਟੀਟਰ ਦੀ ਦੂਰੀ ਤੇ ਸਥਿੱਤ ਹੈ ਜੀ । ਇਸ ਜਗ੍ਹਾਂ ਤੇ ਸ੍ਰੀ ਗੁਰੂ ਅਮਰਦਾਸ ਜੀ ਇਕ ਕਮਰੇ ਵਿਚ ਬੈਠ ਕੇ ਭਜਨ ਬੰਦਗੀ ਕਰ ਰਹੇ ਸਨ, ਕਿਸੇ ਨੂੰ ਵੀ ਅੰਦਰ ਜਾਣ ਦਾ ਹੁਕਮ ਨਹੀਂ ਸੀ । ਜਦ ਬਾਬਾ ਬੁੱਢਾ ਜੀ ਸੰਗਤ ਸਮੇਤ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਹਨਾਂ ਨੂੰ ਪਤਾ ਚਲਿਆ ਕਿ ਕਿਸੇ ਨੂੰ ਵੀ ਅੰਦਰ ਜਾਣ ਦਾ ਹੁਕਮ ਨਹੀਂ ਹੈ । ਫਿਰ ਬਾਬਾ ਜੀ ਨੇ, ਗੁਰੂ ਸਾਹਿਬ ਦੇ ਹੁਕਮ ਦਾ ਸਤਿਕਾਰ ਕਰਦੇ ਹੋਏ, ਕਮਰੇ ਦੇ ਪਿਛਲੇ ਪਾਸਿਉਂ ਦੀ ਕੰਧ ਨੂੰ ਸੰਨ ਲਾ ਕੇ (ਕੰਧ ਪਾੜ ਕੇ) ਅੰਦਰ ਚਲੇ ਗਏ ਅਤੇ ਦਰਸ਼ਨ-ਦੀਦਾਰੇ ਕਰਕੇ ਨਿਹਾਲ ਹੋਏ । ਜਦੋਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਦੇਖਿਆ ਕਿ ਇਹ ਤਾਂ ਸੰਨ ਲਾ ਕੇ ਅੰਦਰ ਆ ਗਏ ਹਨ ਤਾਂ ਗੁਰੂ ਜੀ ਨੇ ਵਰ ਦਿਤਾ ਕਿ ਜਿਹੜਾ ਵੀ ਮਾਈ ਭਾਈ ਨਾਮ ਜਪਦਿਆਂ ਇਸ ਸੰਨ ਵਿਚੋਂ ਦੀ ਲੰਘੇਗਾ, ਉਸਦੀ ਚੌਰਾਸੀ ਕੱਟੀ ਜਾਵੇਗੀ । ਇਸ ਜਗ੍ਹਾਂ ਤੇ ਵੀ ਗੁਰੂ ਜੀ ਦਾ ਲੰਗਰ ਹਰ ਸਮੇਂ ਚਲਦਾ ਰਹਿੰਦਾ ਹੈ ਜੀ ।

ਗੁ: ਬੀੜ ਬਾਬਾ ਬੁੱਢਾ ਸਾਹਿਬ ਜੀ

ਇਹ ਅਸਥਾਨ ਬਾਬਾ ਬੁੱਢਾ ਜੀ ਦੇ ਨਾਮ ਨਾਲ ਪ੍ਰਸਿੱਧ ਹੈ ਜੀ । ਜਦੋਂ ਬਾਬਾ ਬੁੱਢਾ ਜੀ ਇਥੇ ਰਹਿੰਦੇ ਸਨ ਤਾਂ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ (ਪਤਨੀ) ਮਾਤਾ ਗੰਗਾ ਜੀ, ਪੁੱਤਰ ਦੀ ਦਾਤ ਪ੍ਰਾਪਤ ਕਰਨ ਲਈ ਇਕ ਵਾਰ ਸ਼ਾਹੀ ਠਾਠ ਨਾਲ ਅਤੇ ਦੂਸਰੀ ਵਾਰ ਨਿਮਰਤਾ ਤੇ ਸਤਿਕਾਰ ਦੀ ਭਾਵਨਾ ਨਾਲ ਗਏ । ਜਦ ਬਾਬਾ ਜੀ ਪ੍ਰਸ਼ਾਦਾ ਛੱਕਣ ਲੱਗੇ ਸਨ ਤਾਂ ਉਹਨਾਂ ਨੇ ਆਪਣੇ ਹੱਥਾਂ ਵਿਚ ਇਕ ਗੰਢਾ ਲੈ ਕੇ ਭੰਨਿਆ ਤੇ ਕਿਹਾ, "ਮਾਤਾ ਜੀ, ਆਪ ਜੀ ਦੇ ਘਰ ਇਕ ਮਹਾਂਬਲੀ, ਸੂਰਬੀਰ, ਵੱਡਾ ਯੋਧਾ ਤੇ ਪਰਉਪਕਾਰੀ ਲੜਕਾ ਪੈਦਾ ਹੋਵੇਗਾ, ਜੋ ਇਸ ਪ੍ਰਕਾਰ ਦੁਸ਼ਮਣਾਂ ਦੇ ਸਿਰ ਭੰਨੇਗਾ ਜਿਸ ਪ੍ਰਕਾਰ ਅਸੀਂ ਗੰਢਾ ਭੰਨ ਰਹੇ ਹਾਂ "। ਮਾਤਾ ਜੀ ਦੇ ਘਰ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਹਰਿਗੋਬਿੰਦ ਸਾਹਿਬ ਰੱਖਿਆ ਗਿਆ । ਜੋ ਬਾਅਦ ਵਿਚ ਸਿੱਖਾਂ ਦੇ ਛੇਵੇਂ ਗੁਰੂ ਬਣੇ ।

ਗੁਰਦੁਆਰਾ ਤਰਨ ਤਾਰਨ ਸਾਹਿਬ

ਇਸ ਗੁਰਦੁਆਰਾ ਸਾਹਿਬ ਦੀ ਦੂਰੀ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੇਵਲ 22 ਕਿਲੋਮੀਟਰ ਹੈ । ਇਸ ਜਗ੍ਹਾਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਬਣਵਾਇਆ ਤੇ ਸਰੋਵਰ ਦੀ ਹੀ ਇਕ ਬਾਹੀ ਤੇ ਸ੍ਰੀ ਦਰਬਾਰ ਸਾਹਿਬ ਦਾ ਨਿਰਮਾਣ ਕਰਵਾਇਆ ਸੀ । ਇਸ ਜਗ੍ਹਾਂ ਤੇ, ਗੁਰੂ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਬਤੀਤ ਕੀਤਾ । ਇਸ ਜਗ੍ਹਾਂ ਤੇ ਹੀ ਰਹਿ ਕੇ, ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਰਹੇ ਤੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ, ਵੀ ਇਸੇ ਜਗ੍ਹਾਂ ਨੂੰ ਹੀ ਬਣਾਇਆ । ਗੁਰੂ ਜੀ ਨੇ ਇਥੇ ਇਕ ਕੁਸ਼ਟ ਆਸ਼ਰਮ ਦਾ ਨਿਰਮਾਣ ਵੀ ਕਰਵਾਇਆ । ਗੁਰੂ ਜੀ, ਦਾ ਵਰ ਹੈ ਕਿ ਸਾਲ ਵਿਚ ਇਕ ਕੋਹੜੀ ਇਥੋਂ ਠਕਿ ਹੋ ਕੇ ਆਪਣੇ ਘਰ ਜਾਵੇਗਾ । ਜੋ ਕਿ ਅੱਜ ਤੱਕ ਬਰਕਰਾਰ ਚਲ ਰਿਹਾ ਹੈ । ਕੋਹੜ ਦੇ ਰੋਗੀਆਂ ਨੂੰ ਇਥੇ ਆ ਕੇ ਆਪਣੇ ਰੋਗ ਤੋਂ ਛੁੱਟਕਾਰਾ ਪ੍ਰਾਪਤ ਹੋ ਰਿਹਾ ਹੈ ।

ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ

ਇਹ ਗੁਰਦੁਆਰਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ 45 ਕਿਲੋਮੀਟਰ ਅਤੇ ਤਰਨਤਾਰਨ ਸਾਹਿਬ ਤੋਂ ਕੇਵਲ 23 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਜੀ । ਇਸ ਜਗ੍ਹਾਂ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਦੀ ਰੀਤ ਚਲਾਈ ਸੀ । ਇਕ ਵਾਰ ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਗੁਰੂ ਜੀ ਨੇ ਕਿਹਾ ਕਿ ਪਹਿਲਾਂ ਪੰਗਤ

ਵਿਚ ਬੈਠ ਕੇ ਲੰਗਰ ਛਕੋ, ਫਿਰ ਸੰਗਤ ਵਿਚ ਆ ਕੇ ਬੈਠੋ ਤੇ ਗੁਰੂ ਜਸ ਸਰਵਣ ਕਰੋ। ਸੰਗਤ ਤੇ ਪੰਗਤ ਦੀ ਰੀਤ ਇਥੋਂ ਹੀ ਸ਼ੁਰੂ ਹੋਈ। ਇਥੇ ਹੀ, ਗੁਰੂ ਜੀ ਨੇ 84 ਪੌੜੀਆਂ ਵਾਲੀ ਇਕ ਬਾਉਲੀ ਦਾ ਵੀ ਨਿਰਮਾਣ ਕਰਵਾਇਆ ਅਤੇ ਵਰ ਦਿਤਾ ਕਿ ਜੋ ਮਾਈ ਭਾਈ ਵੀ ਸ਼ਰਧਾ ਨਾਲ 84 ਵਾਰ ਪਉੜੀਆਂ ਤੇ ਬੈਠ ਕੇ 84 ਵਾਰ ਹੀ ਇਸ਼ਨਾਨ ਕਰੇਗਾ ਤੇ 84 ਵਾਰ ਹੀ ਜਪੁਜੀ ਸਾਹਿਬ ਦੇ ਪਾਠ ਕਰੇਗਾ ਉਸਦੀਂ ਚੋਰਾਸੀ ਕੱਟੀ ਜਾਵੇਗੀ। ਸੋ ਸੰਗਤਾਂ ਗੁਰੂ ਸਾਹਿਬ ਦਾ ਉਪਦੇਸ਼ ਮੰਨ ਕੇ ਰਾਤ ਦਿਨ ਸੇਵਾ ਕਰਕੇ ਆਪਣਾ ਜਨਮ ਸਫਲਾ ਕਰ ਰਹੀਆਂ ਹਨ ਜੀ।

ਗੁਰਦੁਆਰਾ ਖਡੂਰ ਸਾਹਿਬ

ਇਹ ਗੁਰਦੁਆਰਾ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ 30 ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ ਜੀ। ਇਸ ਜਗ੍ਹਾਂ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਰਿਹਾ ਕਰਦੇ ਸਨ। ਇਸ ਜਗ੍ਹਾਂ ਤੇ ਹੀ ਗੁਰੂ ਸਾਹਿਬ ਨੇ ਗੁਰਮੁਖੀ ਲਿਪੀ ਦੀ ਰਚਨਾ ਕੀਤੀ ਸੀ। ਇਸੇ ਜਗ੍ਹਾਂ ਤੇ ਹੀ ਰਹਿ ਕੇ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਲਈ 70 ਸਾਲ ਦੀ ਉਮਰ ਵਿਚ ਦਰਿਆ ਬਿਆਸ ਤੋਂ ਹਰ ਰੋਜ਼ ਅੰਮ੍ਰਿਤ ਵੇਲ਼ੇ ਜਲ ਦੀ ਗਾਗਰ ਲਿਆਇਆ ਕਰਦੇ ਸਨ। ਜਿਸ ਨਾਲ ਗੁਰੂ ਸਾਹਿਬ ਇਸ਼ਨਾਨ ਕਰਦੇ ਸਨ। ਇਕ ਦਿਨ, ਜਦ ਸ੍ਰੀ ਗੁਰੂ ਅਮਰਦਾਸ ਜੀ ਰੋਜ਼ ਵਾਂਗ ਦਰਿਆ ਬਿਆਸ ਤੋਂ ਗੁਰੂ ਜੀ ਲਈ ਜਲ ਦੀ ਗਾਗਰ ਲਿਆ ਰਹੇ ਸਨ, ਤਾਂ ਉਸ ਵੇਲੇ ਬਹੁਤ ਤੇਜ਼ ਤੂਫਾਨ ਚਲ ਰਿਹਾ ਸੀ, ਜਿਸ ਕਰਕੇ ਗੁਰੂ ਜੀ ਨੂੰ ਠੇਡਾ ਲੱਗ ਗਿਆ ਤੇ ਗੁਰੂ ਸਾਹਿਬ ਇਕ ਖੱਡੀ ਵਿਚ ਡਿਗ ਪਏ। (ਇਸ ਅਸਥਾਨ ਤੇ ਹੁਣ ਸੁੰਦਰ ਗੁਰਦੁਆਰਾ ਖੱਡੀ ਸਾਹਿਬ ਸੁਸ਼ੋਭਿਤ ਹੈ ਜੀ) ਉਸ ਜਗ੍ਹਾਂ ਤੇ ਇਕ ਜੁਲਾਹਾ ਰਿਹਾ ਕਰਦਾ ਸੀ। ਜੁਲਾਹੇ ਨੇ ਆਵਾਜ਼ ਦੇ ਕੇ ਪੁਛਿਆ "ਭਈ ਕੋਣ ਹੈ" ? ਤਾਂ ਜੁਲਾਹੀ ਨੇ ਆਪ ਹੀ ਉਤਰ ਦਿੰਦਿਆਂ ਕਿਹਾ ਕਿ "ਉਹੋ ਹੋਣੈ ਅਮਰੂ ਨਿਥਾਵਾਂ" ! ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗਲ ਬਾਰੇ ਪਤਾ ਲੱਗਾ ਤਾਂ ਉਹਨਾਂ ਨੇ ਗੁਰੂ ਅਮਰਦਾਸ ਜੀ ਨੂੰ ਗਲ ਨਾਲ ਲਾਉਂਦਿਆਂ ਕਿਹਾ ਕਿ ਇਹ ਨਿਥਾਵਾਂ ਨਹੀਂ ਹੈ। ਇਹ ਤਾਂ ਨਿਥਾਵਿਆਂ ਦੀ ਥਾਂ ਹੋਵੇਗਾ, ਨਿਤਾਣਿਆਂ ਦਾ ਤਾਣ ਹੋਵੇਗਾ, ਨਿਮਾਣਿਆਂ ਦਾ ਮਾਣ ਹੋਵੇਗਾ, ਨਿਓਟਿਆਂ ਦੀ ਓਟ ਹੋਵੇਗਾ ਤੇ ਨਿਆਸਰਿਆਂ ਦਾ ਆਸਰਾ ਹੋਵੇਗਾ। ਇਹ ਵਰ ਦੇ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸੌਂਪ ਦਿੱਤੀ।

ਗੁਰਦੁਆਰਾ ਬਾਬਾ ਬਕਾਲਾ ਸਾਹਿਬ

ਇਸ ਗੁਰਦੁਆਰੇ, ਦੀ ਦੂਰੀ, ਸ੍ਰੀ ਹਰਿਮੰਦਰ ਸਾਹਿਬ ਤੋਂ 26 ਕਿਲੋਮੀਟਰ ਹੈ ਜੀ।

ਇਸ ਜਗ੍ਹਾਂ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਭੋਰੇ ਵਿਚ ਬੈਠ ਕੇ ਕਈ ਸਾਲ ਤਪ ਕੀਤਾ। ਜਦੋਂ ਮੱਖਣ ਸ਼ਾਹ ਲੁਭਾਣੇ ਦਾ ਜ਼ਹਾਜ ਡੁੱਬਣੋਂ ਬਚਿਆ ਤਾਂ ਉਹ ਗੁਰੂ ਜੀ ਦੀ ਭਾਲ ਵਿਚ ਇਥੇ ਪਹੁੰਚਿਆ। ਇਥੇ ਉਸ ਨੇ ਕਈਆਂ ਨੂੰ ਨਕਲੀ ਗੁਰੂ ਬਣੇ ਹੋਏ ਦੇਖਿਆ। ਉਸ ਨੇ, ਸਭ ਨੂੰ 5-5 ਮੋਹਰਾਂ ਦਿੱਤੀਆਂ। ਪਰ ਉਸ ਦੇ ਮਨ ਨੂੰ ਕੋਈ ਤਸੱਲੀ ਨਾ ਹੋਈ। ਤਾਂ ਕਿਸੇ ਨੇ ਉਸ ਨੂੰ ਦੱਸਿਆ ਕਿ ਇਸ ਭੋਰੇ ਵਿਚ ਵੀ ਇਕ ਆਦਮੀ ਤਪ ਕਰਦਾ ਹੈ। ਜਦ ਉਹ ਭੋਰੇ ਵਿੱਚ ਪਹੁੰਚਿਆ ਤਾਂ ਉਸ ਨੇ ਗੁਰੂ ਜੀ ਨੂੰ ਪੰਜ ਮੋਹਰਾਂ ਭੇਟ ਕੀਤੀਆਂ। ਤਾਂ ਗੁਰੂ ਜੀ ਨੇ ਕਿਹਾ ਕਿ ਗੁਰਮੁਖਾ ਤੂੰ ਤਾਂ ਪੰਜ ਸੋ ਮੋਹਰਾਂ ਦੇਣ ਦਾ ਵਚਨ ਕੀਤਾ ਸੀ, ਹੁਣ ਕੇਵਲ ਪੰਜ ਮੋਹਰਾਂ ਹੀ ਦੇ ਰਿਹਾ ਹੈਂ। ਤਾਂ ਮੱਖਣ ਸ਼ਾਹ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹ ਭੱਜ ਕੇ ਕੋਠੇ ਤੇ ਚੜ ਗਿਆ ਅਤੇ ਰੋਲਾ ਪਾਉਣਾ ਸ਼ੁਰੂ ਕਰ ਦਿਤਾ ਕਿ " ਗੁਰੂ ਲਾਧੋ ਰੇ" "ਗੁਰੂ ਲਾਧੋ ਰੇ" ਇਸ ਪ੍ਰਕਾਰ ਗੁਰੂ ਤੇਗ ਬਹਾਦੁਰ ਜੀ ਉਥੋਂ ਪ੍ਰਗਟ ਹੋ ਗਏ। ਜੋ ਕਿ ਸਿੱਖਾਂ ਦੇ ਨੌਵੇਂ ਗੁਰੂ ਅਖਵਾਏ।

ਗੁਰਦੁਆਰਾ ਅੱਚਲ ਸਾਹਿਬ

ਇਸ ਗੁਰਦੁਆਰੇ ਦੀ ਦੂਰੀ ਬਾਬਾ ਬਕਾਲਾ ਤੋਂ 20 ਕਿਲੋਮੀਟਰ ਹੈ ਤੇ ਬਟਾਲੇ ਤੋਂ ਚਾਰ ਕਿਲੋਮੀਟਰ ਦੀ ਦੂਰੀ (ਜਲੰਧਰ ਰੋਡ ਤੇ) ਸਥਿਤ ਹੈ ਜੀ। ਇਸ ਜਗ੍ਹਾਂ ਤੇ ਸਿਧ ਨਿਵਾਸ ਕਰਿਆ ਕਰਦੇ ਸਨ। ਗੁਰੂ ਜੀ ਨੇ ਉਹਨਾਂ ਨਾਲ ਇਸ ਜਗ੍ਹਾਂ ਤੇ ਕਾਫੀ ਵਿਚਾਰ ਵਟਾਂਦਰੇ ਕੀਤੇ। ਇਸ ਵਿਚ ਸਰੋਵਰ ਵੀ ਸੁਸ਼ੋਭਿਤ ਹੈ ਜਿਸ ਵਿਚ ਸ਼ਿਵ ਜੀ ਦੇ ਪੁੱਤਰ ਕਾਰਤਿਕ ਦਾ ਮੰਦਰ ਹੈ। ਗੁਰੂ ਕਾ ਲੰਗਰ ਹਰ ਵੇਲੇ ਚਲਦਾ ਰਹਿੰਦਾ ਹੈ।

ਗੁਰਦੁਆਰਾ ਕੰਧ ਸਾਹਿਬ ਬਟਾਲਾ

ਇਸ ਗੁਰਦੁਆਰੇ ਦੀ ਦੂਰੀ ਅੰਮ੍ਰਿਤਸਰ ਤੋਂ 30 ਕਿਲੋਮੀਟਰ ਹੈ। ਇਸੇ ਜਗ੍ਹਾਂ ਤੇ ਗੁਰੂ ਨਾਨਕ ਪਾਤਿਸ਼ਾਹ ਦੀ ਸ਼ਾਦੀ ਹੋਈ ਸੀ। ਇਸ ਜਗ੍ਹਾਂ ਤੇ ਜਿਸ ਕੰਧ ਹੇਠ ਗੁਰੂ ਜੀ ਆ ਕੇ ਬੈਠੇ ਉਹ ਕੰਧ ਡਿੱਗਣ ਵਾਲੀ ਸੀ। ਇਕ ਬਿਰਧ ਮਾਤਾ ਨੇ ਕਿਹਾ ਕਿ ਕਾਕਾ ਤੂੰ ਇਥੋਂ ਉਠ ਕੇ ਪਰ੍ਹਾਂ ਹੋ ਜਾ ਇਹ ਕੰਧ ਡਿੱਗਣ ਵਾਲੀ ਹੈ। ਗੁਰੂ ਜੀ ਨੇ ਕਿਹਾ ਕਿ ਇਹ ਕੰਧ ਜੁਗਾਂ ਜੁਗਾਂਤਰ ਤਕ ਖੜੀ ਰਹੇਗੀ। ਕਦੇ ਵੀ ਨਹੀਂ ਡਿਗੇਗੀ। ਸੋ ਉਹ ਕੰਧ ਅਜ ਤਕ ਸੁਸ਼ੋਭਿਤ ਹੈ ਜੀ। ਹੁਣ ਉਸ ਜਗ੍ਹਾਂ ਤੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿਸਦਾ ਨਾਮ ਗੁਰਦੁਆਰਾ ਕੰਧ ਸਾਹਿਬ ਦੇ ਨਾਮ ਨਾਲ ਸੁਸ਼ੋਭਿਤ ਹੈ ਜੀ।

ਗੁਰਦੁਆਰਾ ਕੱਥੂ ਨੰਗਲ

ਇਹ ਗੁਰਦੁਆਰਾ ਸ੍ਰੀ ਅੰਮ੍ਰਿਤਸਰ ਤੋਂ ਕੇਵਲ 15 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਜੀ । ਇਹ ਗੁਰਦੁਆਰਾ ਅੰਮ੍ਰਿਤਸਰ ਤੋਂ ਬਟਾਲੇ ਵਾਲੀ ਸੜਕ ਤੇ ਸੁਸ਼ੋਭਿਤ ਹੈ ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ । ਬਾਬਾ ਬੁੱਢਾ ਜੀ ਦਾ ਜਨਮ ਅਸਥਾਨ ਵੀ ਇਹੀ ਹੈ ਜੀ ।

ਗੁਰਦੁਆਰਾ ਨਾਨਕਸਰ ਵੇਰਕਾ

ਇਸ ਜਗ੍ਹਾਂ ਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ ਜੀ । ਇਸ ਜਗ੍ਹਾਂ ਤੇ ਇਕ ਸਰੋਵਰ ਵੀ ਹੈ ਜਿਸ ਵਿਚ ਇਸ਼ਨਾਨ ਕਰਨ ਨਾਲ ਬੱਚਿਆਂ ਦੇ ਅਠਰਾਹ ਦੀ ਬੀਮਾਰੀ ਠੀਕ ਹੋ ਜਾਂਦੀ ਹੈ । ਇਹ ਗੁਰਦੁਆਰਾ ਸ੍ਰੀ ਅੰਮ੍ਰਿਤਸਰ ਤੋਂ ੬ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ । ਅੱਜ ਇਸ ਜਗ੍ਹਾਂ ਤੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ । ਇਥੇ ਵੀ ਗੁਰੂ ਦਾ ਲੰਗਰ ਅਤੁੱਟ ਵਰਤਦਾ ਰਹਿੰਦਾ ਹੈ ਜੀ ।

ਗੁਰਦੁਆਰਾ ਚੋਹਲਾ ਸਹਿਬ

(ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ)

ਇਸ ਗੁਰਦੁਆਰੇ ਦੀ ਦੂਰੀ, ਸ੍ਰੀ ਅੰਮ੍ਰਿਤਸਰ ਤੋਂ ੪੫ ਕਿਲੋਮੀਟਰ ਤੇ ਹੈ । ਇਸ ਦਾ ਰਸਤਾ ਅਜਨਾਲਾ-ਰਮਦਾਸ ਰੋਡ ਅਤੇ ਫਤਿਹਗੜ੍ਹ ਚੂੜੀਆਂ ਰੋਡ ਵਲੋਂ ਹੈ ਜੀ । ਇਸ ਅਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਿਛਲੀ ਉਮਰ ਦੇ 18 ਸਾਲ 9 ਮਹੀਨੇ ਬਿਤਾਏ । ਉਹਨਾਂ ਨੇ, ਇਥੇ ਆਪਣੀ ਵਡੇਰੀ ਉਮਰ ਵਿਚ, ਖੇਤੀ ਬਾੜੀ ਦਾ ਕੰਮ ਸ਼ੁਰੂ ਕੀਤਾ । ਇਥੇ ਹੀ, ਉਹਨਾਂ ਨੇ ਦੂਸਰੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਾ ਜਾਨਸ਼ੀਨ ਮੁਕੱਰਰ ਕੀਤਾ । ਗੁਰੂ ਸਾਹਿਬ ਜੋਤੀ ਜੋਤਿ ਵੀ ਇਥੇ ਹੀ ਸਮਾਏ ਸਨ । ਗੁਰੂ ਨਾਨਕ ਦੇਵ ਜੀ, ਜਦ ਚੌਥੀ ਉਦਾਸੀ ਵਿਚ ਬਗਦਾਦ ਪਹੁੰਚੇ ਤਾਂ ਬਗਦਾਦ ਦੇ ਨਵਾਬ ਨੇ ਉਹਨਾਂ ਨੂੰ ਦੱਸਿਆ ਕਿ ਇਥੇ ਪੀਣ ਵਾਲਾ ਪਾਣੀ ਖਾਰਾ ਹੈ । ਕ੍ਰਿਪਾ ਕਰੋ, ਤਾਂ ਜੋ ਪੀਣ ਵਾਲਾ ਪਾਣੀ ਮਿੱਠਾ ਹੋ ਜਾਵੇ । ਤਾਂ ਗੁਰੂ ਜੀ ਨੇ, ਆਪਣੇ ਕਰ ਕਮਲਾਂ ਨਾਲ ਇਥੇ ਟੱਪ ਲਾ ਕੇ ਖੂਹ ਖੁਦਵਾਇਆ । ਜਿਸ ਦਾ ਪਾਣੀ ਮਿੱਠਾ ਹੈ । ਅੱਜ ਤਕ ਸਾਰੇ ਸ਼ਹਿਰ ਨੂੰ ਉਹੀ ਪਾਣੀ ਵਰਤਣ ਲਈ ਮਿਲ ਰਿਹਾ ਹੈ । ਨਵਾਬ ਨੇ ਖੁਸ਼ ਹੋ ਕੇ ਗੁਰੂ ਜੀ ਨੂੰ ਇਕ ਚੋਲਾ ਭੇਟ ਕੀਤਾ ਜਿਸ ਤੇ ਅਰਬੀ ਭਾਸ਼ਾ ਵਿਚ ਕੁਝ ਲਿਖਿਆ ਹੋਇਆ ਹੈ । ਗੁਰੂ ਜੀ ਜਦ ਆਪਣੀ ਆਖਰੀ ਉਮਰ ਵਿਚ ਡੇਰਾ ਬਾਬਾ ਨਾਨਕ ਰਹੇ ਤਾਂ ਉਹ ਚੋਲਾ ਅੱਜ ਵੀ ਉਨ੍ਹਾਂ ਦੀ ਨਿਸ਼ਾਨੀ ਵਜੋਂ ਇਥੇ ਮੌਜੂਦ ਹੈ ਜੀ । ਸੰਗਤਾਂ ਚੋਲੇ ਦੇ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਹਨ ਅਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ । ਜਿਨ੍ਹਾਂ ਬੀਬੀਆਂ ਦੇ ਘਰ ਔਲਾਦ ਨਾ ਹੁੰਦੀ ਹੋਵੇ, ਉਹਨਾਂ ਨੂੰ ਇਥੋਂ ਲੌਂਗ ਦਾ ਪ੍ਰਸ਼ਾਦ

ਦਿੱਤਾ ਜਾਂਦਾ ਹੈ । ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਉਹਨਾਂ ਦੀਆਂ ਸੱਖਣੀਆਂ ਝੋਲੀਆਂ ਭਰ ਜਾਂਦੀਆਂ ਹਨ । ਇਸ ਨਗਰ ਦੇ ਆਸ-ਪਾਸ ਹੋਰ ਵੀ ਕਈ ਗੁਰਦੁਆਰੇ ਸੁਸ਼ੋਭਿਤ ਹਨ ਜੋ ਕਿ ਦੇਖਣਯੋਗ ਹਨ । ਦਰਸ਼ਨ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ ।

ਬੁਰਜ ਬਾਬਾ ਫੂਲਾ ਸਿੰਘ ਜੀ (ਅੰਮ੍ਰਿਤਸਰ)

ਇਹ ਗੁਰਦੁਆਰਾ ਘਿਉ ਮੰਡੀ ਦੇ ਬਾਹਰਵਾਰ ਸ਼ੇਰਾਂ ਵਾਲੇ ਗੇਟ ਦੇ ਸਾਹਮਣੇ ਮੌਜੂਦ ਹੈ । ਬਾਬਾ ਫੂਲਾ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਜਰਨੈਲ ਹੋਇਆ ਕਰਦੇ ਸਨ । ਬਾਬਾ ਜੀ ਦੀ ਸਮਾਧ ਇਥੇ ਹੀ ਬਣੀ ਹੋਈ ਹੈ । ਹੋਲੇ ਮੁਹੱਲੇ ਤੇ ਇਥੇ ਮੇਲਾ ਲੱਗਦਾ ਹੈ ।

ਗੁ: ਗੰਗਸਰ ਸਾਹਿਬ ਤੇ ਗੁ: ਮੰਜੀ ਸਾਹਿਬ

ਸ਼ਹਿਰ ਤੋਂ ਬਾਹਰ, ਪੂਰਬ ਦਿਸ਼ਾ ਵਲ, ਦੋ ਕੁ ਫਰਲਾਂਗ ਦੀ ਦੂਰੀ ਤੇ ਹੈ । ਦਿਲੀ ਦਰਵਾਜ਼ਿਉਂ ਨਿਕਲ ਕੇ ਸੱਜੇ ਪਾਸੇ ਵਲ ਗੁਰਦੁਆਰੇ ਤਕ ਸੜਕ ਜਾਂਦੀ ਹੈ ।

ਇਕ ਵਾਰੀ ਗੁਰੂ ਅਰਜਨ ਦੇਵ ਜੀ ਇਥੇ ਦੀਵਾਨ ਲਗਾਈ ਬੈਠੇ ਸਨ । ਵੈਸਾਖੀ ਦਾ ਮੇਲਾ ਨੇੜੇ ਸੀ । ਸੰਗਤਾਂ ਅਪਾਰ ਆ ਰਹੀਆਂ ਸਨ । "ਵਿਸਾਖੀ" ਨਾਮੇ ਇਕ ਸਿੱਖ ਨੇ ਹਰਿਦੁਆਰ ਜਾ ਕੇ ਗੰਗਾ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ।ਸਤਿਗੁਰਾਂ ਫੁਰਮਾਇਆ "ਭਾਈ ਇਥੇ ਹੀ ਇਸ਼ਨਾਨ ਕਰ ਲੈ" । ਇਹ "ਸ਼ਕਰਗੰਜ" ਖੂਹ ਗੰਗਾ ਦੇ ਬਰਾਬਰ ਹੀ ਰਚਿਆ ਹੈ । ਸਿੱਖ ਨੇ ਬੇਤਨੀ ਕੀਤੀ, ਸੱਚੇ ਪਾਤਿਸ਼ਾਹ ਮੇਰਾ ਪ੍ਰਣ ਹੈ ਹਰ ਸਾਲ ਹਰਿਦੁਆਰ ਜਾ ਕੇ ਇਸ਼ਨਾਨ ਕਰਨ ਦਾ । ਗੁਰੂ ਸਾਹਿਬ ਨੇ ਉਸ ਨੂੰ ਤਿੰਨ ਵਾਰ ਮਨ੍ਹਾਂ ਕੀਤਾ । ਪਰ ਉਸ ਸਿੱਖ ਨੇ ਕਿਹਾ, " ਮਹਾਰਾਜ, ਮੇਰੀ ਇੱਛਾ ਗੰਗਾ ਜਾਣ ਦੀ ਹੈ "। ਸਤਿਗੁਰਾਂ ਨੇ ਫੁਰਮਾਇਆ ਕਿ "ਕਿ ਜੇ ਤੂੰ ਜ਼ਰੂਰ ਜਾਣਾ ਹੈ ਤਾਂ ਸਾਡਾ ਵੀ ਗੜਵਾ ਲੈ ਜਾ, ਉਥੋਂ ਜਲ ਭਰ ਕੇ ਲਿਆਵੀਂ ।" ਸਿੱਖ ਗੜਵਾ ਲੈ ਗਿਆ । ਉਥੇ ਜਾ ਕੇ ਇਸ਼ਨਾਨ ਕੀਤਾ । ਸਤਿਗੁਰਾਂ ਦਾ ਗੜਵਾ ਭਰਨ ਲੱਗਾ ਤਾਂ ਗੜਵਾ ਹੱਥੋਂ ਛੁੱਟ ਗਿਆ । ਬਹੁਤ ਲੱਭਿਆ, ਪਰ ਗੜਵਾ ਨਾ ਲੱਭਿਆ । ਇਕ ਹੋਰ ਗੜਵਾ ਜਲ ਦਾ ਭਰ ਕੇ ਲੈ ਆਇਆ । ਇਥੇ ਆ ਕੇ ਗੁਰੂ ਜੀ ਅੱਗੇ ਰੱਖਿਆ । ਗੁਰੂ ਸਾਹਿਬ ਨੇ ਫੁਰਮਾਇਆ, " ਭਾਈ ਇਹ ਗੜਵਾ ਸਾਡਾ ਨਹੀਂ ਹੈ "। ਸਿੱਖ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਉਹ ਗੜਵਾ ਤਾਂ ਜਲ ਭਰਨ ਲੱਗਿਆਂ ਗੰਗਾ ਵਿਚ ਡਿੱਗ ਪਿਆ ਸੀ । ਬਹੁਤ ਲੱਭਿਆ, ਪਰ ਲੱਭਾ ਨਹੀਂ ਇਸ ਲਈ, ਨਵਾਂ ਗੜਵਾ ਲੈ ਕੇ ਜਲ ਦਾ ਭਰ ਲਿਆਇਆ ਹਾਂ ।

ਗੁਰੂ ਜੀ ਨੇ ਬਚਨ ਕੀਤਾ -ਭਾਈ ! ਜੇ ਗੜਵਾ ਗੰਗਾ ਦੇ ਪ੍ਰਵਾਹ ਵਿਚ ਡਿਗਿਆ ਹੈ ਤਾਂ ਅਸੀਂ ਇਥੇ ਹੀ ਕਢਵਾ ਲਵਾਂਗੇ ।

ਮਹਾਰਾਜ ਉਠ ਕੇ ਸ਼ਕਰਗੰਜ਼ ਖੂਹ ਤੇ ਆਏ ਤੇ ਬਚਨ ਕੀਤਾ, ਹੇ ਗੰਗਾ ! ਤੂੰ ਜੋ ਸਾਡਾ

ਗੜਵਾ ਲੀਤਾ ਹੈ ਇਥੇ ਦੇ ਦਿਉ ।ਸੋ, ਗੰਗਾ ਨੇ ਧੰਨ ਭਾਗ ਜਾਣ ਕੇ ਜਿਸ ਵੇਲ਼ੇ ਖੂਹ ਵਿਚ ਪ੍ਰਵੇਸ਼ ਕੀਤਾ , ਜਲ ਨੇ ਬੜੇ ਜੋਰ ਨਾਲ ਉਛਾਲਾ ਖਾਧਾ । ਗੁਰੂ ਜੀ ਨੇ ਉਸ ਸਿੱਖ ਨੂੰ ਪਾਸ ਬੁਲਾਇਆ ਤੇ ਇਹ ਕਹਿ ਕੇ ਗੜਵਾ ਕੱਢਣ ਦਾ ਹੁਕਮ ਦਿਤਾ ਕਿ "ਸਤਿਨਾਮ ਦਾ ਜਾਪ ਕਰਦਿਆਂ ਗੜਵਾ ਕੱਢ ਲਿਆਉ ।" ਸੋ ਸਿੱਖ ਨੇ ਆਗਿਆ ਅਨੁਸਾਰ ਜਲ ਵਿਚ ਚੁਭੀ ਮਾਰੀ ਤੇ ਗੜਵਾ ਕੱਢ ਲਿਆਂਦਾ । ਗੁਰੂ ਸਹਿਬ ਨੇ ਗੰਗਾ ਇਸ਼ਨਾਨ ਦੇ ਮਹਾਤਮ ਦਾ ਵਹਿਮ ਦੂਰ ਕਰਨ ਲਈ ਇਸ ਖੂਹ ਦਾ ਇਸ਼ਨਾਨ ਦੱਸਿਆ ਤੇ ਫੁਰਮਾਇਆ :-

ਸ਼ਕਰ ਗੰਜ ਯੇ ਨਾਮ ਧਰਾਯੇ ।
ਗੰਗਾ ਤੇ ਹਮ ਅਧਿਕ ਲਿਖਾਯੇ ।
ਝੇ ਬਾਛਾ ਕਰ ਏਥੇ ਆਵੈ ।
ਮਨ ਬਾਂਛਤ ਫਲ ਸਭ ਹੀ ਪਾਵੈ ।

ਇਥੇ ਹੀ, ਜਿਸ ਥਾਂ ਬੈਠ ਕੇ ਗੁਰੂ ਸਾਹਿਬ ਦੀਵਾਨ ਸਜਾਉਂਦੇ ਹਨ, ਉਸ ਥਾਵੇਂ ਖੂਹ ਦੇ ਲਾਗੇ ਹੀ "ਮੰਜੀ ਸਾਹਿਬ" ਬਣਿਆ ਹੋਇਆ ਹੈ । ਛੇਵੇਂ ਸਤਿਗੁਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਥੇ ਬਿਰਾਜ ਕੇ ਸੰਗਤਾਂ ਨੂੰ ਧਰਮ ਉਪਦੇਸ਼ ਦ੍ਰਿੜਾਂਉਂਦੇ ਸਨ ।

ਗੁ: ਸ੍ਰੀ ਚੁਬੱਚਾ ਸਾਹਿਬ:(ਪਾਤਿਸਾਹੀ ਛੇਵੀਂ)

ਇਹ ਗੁਰਦੁਆਰਾ, ਲਹਿੰਦੇ ਪਾਸੇ ਵਲ ਆਬਾਦੀ ਦੇ ਅੰਦਰ ਬਗੀਚੇ ਦੇ ਪੱਕੇ ਕੋਟ ਦੀ ਇਕ ਨੁੱਕਰ ਉਤੇ ਸਥਿਤ ਹੈ ।ਥੰਮ ਸਾਹਿਬ ਤੋਂ ਦਰਵਾਜ਼ੇ ਦਿਆਲਪੁਰ ਨੂੰ ਜਾਣ ਲਗਿਆਂ ਰਸਤੇ ਵਿਚ ਆਉਂਦਾ ਹੈ । ਇਹ ਬਾਗ ਦੀ ਪੱਕੀ ਫਸੀਲ ਦਾ ਇਕ ਬੁਰਜ ਸੀ । ਇਥੇ ਗੁਰੂ ਸਾਹਿਬ ਦੇ ਬਣਵਾਏ ਹੋਏ ਰਿਹਾਇਸ਼ੀ ਮਕਾਨ ਸਨ । ਖਿਆਲ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਇਸੇ ਅਸਥਾਨ ਤੇ ਨਿਵਾਸ ਰੱਖਦੇ ਰਹੇ । ਇਥੇ ਇਕ ਬੜਾ ਚੌੜਾ ਖੂਹ ਸੀ ਜੋ ਕਿ ਇਹ ਮਕਾਨ ਬਣਨ ਸਮੇਂ ਦੀ ਬਣਿਆ ਸੀ । ਇਸ ਖੂਹ ਦਾ ਜਲ ਬਾਗ ਨੂੰ ਪੈਂਦਾ ਸੀ ਤੇ ਇਸੇ ਜਲ ਨਾਲ ਹੀ ਬਾਗ ਦੇ ਫੁਹਾਰੇ ਚਲਦੇ ਹੁੰਦੇ ਸਨ । ਜਿੰਨ੍ਹਾਂ ਵਿਚੋਂ ਇਕ ਫੁਹਾਰਾ ਗੁ: ਸਾਹਿਬ ਦੇ ਚੁਬੱਚੇ ਵਿਚ ਲੱਗਿਆ ਹੋਇਆ ਸੀ । ਇਸ ਚੁਬੱਚੇ ਦੇ ਕਿਨਾਰੇ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ । ਖੂਹ ਦੇ ਵਿਚ ਇਕ ਛੋਟਾ ਖੂਹ ਲੱਗ ਗਿਆ ਹੋਇਆ ਹੈ । ਜਿਸ ਦਾ ਜਲ ਇਸ ਮੁਹੱਲੇ ਦੇ ਵਸਨੀਕ ਵਰਤਦੇ ਹਨ । ਇਸ ਅਸਥਾਨ ਦੀ ਅਸਲੀ ਇਮਾਰਤ ਢਹਿ ਢੇਰੀ ਹੋ ਗਈ ਸੀ ।ਬਾਅਦ ਵਿਚ ਗੁਰਦੁਆਰਾ ਕਮੇਟੀ ਅਤੇ ਕਰਤਾਰਪੁਰ ਦੀ ਸੰਗਤ ਨੇ ਇਮਾਰਤ ਦੀ ਸੇਵਾ ਕਰਕੇ ਇਸ ਅਸਥਾਨ ਨੂੰ ਨਵੇਂ ਸਿਰੇ ਰੌਣਕਾਂ ਬਖਸ਼ੀਆਂ । ਪਹਿਲਾਂ ਇਸ ਅਸਥਾਨ ਤੇ ਨਿਰਮਲੇ ਸੰਤ ਨਿਵਾਸ ਰੱਖਦੇ, ਭਜਨ ਕਰਦੇ ਤੇ ਵਿਦਿਆ ਪੜਾਉਂਦੇ ਸਨ । ਹੁਣ ਇਹ ਅਸਥਾਨ ਗੁਰਦੁਆਰਾ ਪ੍ਰਬੰਧਕ

ਕਮੇਟੀ ਥੰਮ ਸਾਹਿਬ ਦੇ ਪ੍ਰਬੰਧ ਵਿਚ ਆ ਗਿਆ ਹੈ ।

ਗੁਰਦੁਆਰਾ ਵਿਆਹ ਅਸਥਾਨ ਸ੍ਰੀ ਗੁਰੂ ਤੇਗ ਬਹਾਦੁਰ ਤੇ ਮਾਤਾ ਗੁਜਰੀ ਜੀ

ਚੁਬੱਚਾ ਸਾਹਿਬ ਤੋਂ ਅੱਗੇ ਜਾ ਕੇ, ਸੱਜੇ ਹੱਥ ਇਕ ਗਲੀ ਆ ਜਾਂਦੀ ਹੈ । ਇਸ ਦਾ ਨਾਮ ਰਬਾਬੀਆਂ ਵਾਲੀ ਗਲੀ ਹੈ ।ਇਸ ਦੇ ਅਖੀਰ ਦੇ ਘਰਾਂ ਦੇ ਵਿਚਕਾਰ ਛੋਟੀ ਜਿਹੀ ਯਾਦਗਾਰ ਸੀ । ਇਸ ਅਸਥਾਨ ਤੇ 11 ਅੱਸੂ 1686 ਬਿਕ੍ਰਮੀ ਨੂੰ ਭਾਈ "ਸੁਭਿਖੀ" ਖੱਤਰੀ ਦੀ ਕੰਨਿਆ ਗੁਜਰੀ ਜੀ ਨਾਲ ਗੁਰੂ ਤੇਗ ਬਹਾਦੁਰ ਜੀ ਦਾ ਵਿਆਹ ਹੋਇਆ ਸੀ ਹੁਣ ਇਸ ਇਤਿਹਾਸਕ ਜਗਾ ਤੇ ਬੜਾ ਹੀ ਆਲੀਸ਼ਾਨ ਗੁਰਦੁਆਰਾ ਸੁਭਾਇਮਾਨ ਹੈ ।

ਗੁਰਦੁਆਰਾ ਥੰਮ ਸਾਹਿਬ(ਕਰਤਾਰਪੁਰ ਨੇੜੇ ਜਲੰਧਰ)

ਇਹ ਸ਼ਹਿਰ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ । ਜਦੋਂ, ਇਹਨਾਂ ਦੇ ਵੱਡੇ ਭਾਈ ਬਾਬਾ ਪ੍ਰਿਥੀ ਚੰਦ ਜੀ, ਇਹਨਾਂ ਨਾਲ ਈਰਖਾ ਤੇ ਦਵੈਤ ਭਾਵਨਾ ਰੱਖਦੇ ਸਨ (ਕਿਉਂਕਿ ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੀ ਸੀ) ਅਤੇ ਮੁਗਲ ਹਕੂਮਤ ਨਾਲ ਮਿਲ ਕੇ, ਗੁਰੂ ਜੀ ਨੂੰ ਤੰਗ ਕਰਦੇ ਸਨ । ਉਦੋਂ ਹੀ, ਸ੍ਰੀ ਅੰਮ੍ਰਿਤਸਰ ਛੱਡ ਕੇ (ਪੁਤਲੀ ਘਰ) ਵਡਾਲੀ ਸਾਹਿਬ ਰਹੇ ਅਤੇ ਸ੍ਰੀ ਤਰਨਤਾਰਨ ਸਾਹਿਬ ਵਸਾਇਆ ਤੇ ਚੋਹਲਾ ਸਾਹਿਬ ਸਰਹਾਲੀ ਕੋਲ ਵਸਾਇਆ । ਫਿਰ ਕਰਤਾਰਪੁਰ ਵਸਾਇਆ ਅਤੇ ਸਤਿਸੰਗ ਕਰਨ ਦੇ ਲਈ ਧਰਮਸ਼ਾਲਾ ਬਨਾਉਣ ਵਾਸਤੇ ਟਾਹਲੀ ਦਾ ਥੰਮ ਬਣਾ ਕੇ ਲਿਆਂਦਾ ਤਾਂ ਜਦ ਉਸ ਨੂੰ ਖੜਾ ਕੀਤਾ ਤਾਂ ਉਸ ਸਮੇਂ ਥੰਮ ਦੀ ਲੰਬਾਈ ਜਿਤਨੀ ਚਾਹੀਦੀ ਸੀ, ਉਸ ਨਾਲੋਂ ਘੱਟ ਸੀ । ਫਿਰ ਗੁਰੂ ਸਾਹਿਬ ਨੇ ਅਰਦਾਸ ਕੀਤੀ ਤਾਂ ਥੰਮ ਦੀ ਲੰਬਾਈ ਵੱਧ ਗਈ ਅਤੇ ਧਰਮਸ਼ਾਲਾ ਬਣ ਗਈ । ਇਸ ਤਰ੍ਹਾਂ ਇਸ ਅਸਥਾਨ ਦਾ ਨਾਮ ਗੁ: ਥੰਮ ਸਾਹਿਬ ਪੈ ਗਿਆ । ਇਹ ਗੁਰਦੁਆਰਾ ਜਲੰਧਰ ਦੇ ਕੋਲ ਕਰਤਾਰਪੁਰ ਸਾਹਿਬ ਵਿਖੇ ਮੌਜੂਦ ਹੈ ।

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਤਿਯੁਗ ਦੀ ਕਥਾ

ਸਤਿਯੁਗ ਵਿਚ ਇਕ ਰਾਜਾ ਸੂਰਜ ਚੰਦ ਹੋਇਆ ਹੈ, ਉਸ ਦੇ ਪੁਤਰ ਰਾਜਾ ਮਨੂੰ ਅਤੇ ਉਸ ਦੇ ਪੋਤਰੇ ਰਾਜਾ ਇਖਵਾਕ ਦੇ ਮਨ ਵਿਚ ਆਇਆ ਕਿ ਪ੍ਰਮਾਤਮਾ ਦਾ ਨਾਮ ਜਪਨ ਲਈ ਕੋਈ ਤੀਰਥ ਅਸਥਾਨ ਲੱਭਿਆ ਜਾਵੇ। ਉਨ੍ਹਾਂ ਨੇ ਸਾਰੀ ਧਰਤੀ ਦਾ ਚੱਕਰ ਲਗਾਇਆ, ਪਰ ਉਨ੍ਹਾਂ ਨੂੰ ਕੋਈ ਵੀ ਤੀਰਥ ਅਸਥਾਨ ਨਾ ਲੱਭਿਆ। ਤਾਂ ਉਹਨਾਂ ਨੇ ਆਪਣੇ ਗੁਰੂ ਵਸ਼ਿਸ਼ਟ ਜੀ ਨੂੰ ਸੁਨੇਹਾ ਭੇਜ ਕੇ ਬੁਲਾਇਆ ਅਤੇ ਸਾਰੀ ਗੱਲ ਦੱਸੀ ਕਿ ਕੋਈ ਤੀਰਥ ਅਸਥਾਨ ਨਾ ਮਿਲਿਆ ਤਾਂ ਲੋਕ ਪ੍ਰਮਾਤਮਾ ਨੂੰ ਕਿਸ ਤਰਾਂ ਯਾਦ ਕਰਨਗੇ। ਕੁਝ ਉਪਾਅ ਕਰੋ।

ਤਾਂ ਗੁਰੂ ਵਸ਼ਿਸ਼ਟ ਜੀ ਨੇ ਕਿਹਾ ਕਿ ਹਵਨ ਕਰਵਾਉ। ਜਿਸ ਜਗਾਂ ਤੇ ਸਰੋਵਰ ਸੁਸ਼ੋਭਿਤ ਹੈ ਉਸ ਜਗਾਂ ਤੇ ਹਵਨ ਕੁੰਡ ਬਣਿਆ। ਇਸ ਹਵਨ ਵਿਚ ਸਾਰੇ ਦੇਵੀ-ਦੇਵਤ ਅਤੇ ਰਿਸ਼ੀ-ਮੁਨੀ ਆਏ। ਹਵਨ ਦੀ ਸਮਾਪਤੀ ਤੇ ਹਰਿ ਕੀ ਪਉੜੀ ਤੇ ਭਗਵਾਨ ਨੇ ਰਾਜੇ ਨੂੰ ਦਰਸ਼ਨ ਦਿਤੇ। ਰਾਜੇ ਨੇ ਬੇਨਤੀ ਕੀਤੀ ਕਿ ਤੀਰਥ ਅਸਥਾਨ ਤੋਂ ਬਿਨਾਂ ਲੋਕਾਂ ਦੀ ਗਤੀ ਕਿਸ ਪ੍ਰਕਾਰ ਹਵੇਗੀ। ਲੋਕ ਪਾਪਾਂ ਵਿਚ ਹੀ ਡੁੱਬੇ ਰਹਿਣਗੇ। ਤਾਂ ਰਾਜੇ ਦੀ ਬੇਨਤੀ ਤੇ ਹਵਨ ਤੋਂ ਬਾਅਦ ਸਾਰਾ ਹਵਨ ਕੁੰਡ ਵਾਲਾ ਅਸਥਾਨ ਸਰੋਵਰ ਕੁੰਡ ਵਿਚ ਤਬਦੀਲ ਹੋ ਗਿਆ ਅਤੇ ਤੀਰਥ ਅਸਥਾਨ ਬਣ ਗਿਆ।

ਤ੍ਰੇਤਾ ਯੁੱਗ

ਜਦੋਂ ਸ੍ਰੀ ਰਾਮ ਚੰਦਰ ਜੀ ਨੇ ਸੀਤਾ ਜੀ ਨੂੰ ਬਨਵਾਸ ਦਿੱਤਾ ਸੀ ਤਾਂ ਸੀਤਾ ਜੀ ਜੰਗਲਾਂ ਵਿਚ ਫਿਰਦੇ ਹੋਏ ਰਿਸ਼ੀ ਵਾਲਮੀਕ ਜੀ ਦੇ ਆਸ਼ਰਮ ਵਿਖੇ ਪਹੁੰਚੇ ਅਤੇ ਸਾਰੀ ਵਿਥਿਆ ਦੱਸੀ। ਉਸੇ ਆਸ਼ਰਮ ਵਿਚ ਹੀ ਲਵ ਅਤੇ ਕੁਸ਼ ਦਾ ਜਨਮ ਹੋਇਆ ਅਤੇ ਰਿਸ਼ੀ ਵਾਲਮੀਕ ਜੀ ਨੇ ਉਹਨਾਂ ਨੂੰ ਵਿਦਿਆ, ਸ਼ਸ਼ਤਰ ਵਿਦਿਆ ਅਤੇ ਯੁੱਧ ਕਲਾ ਵਿਚ ਨਿਪੁੰਨ ਕੀਤਾ।

ਜਦੋਂ ਸ੍ਰੀ ਰਾਮ ਚੰਦਰ ਜੀ ਨੇ ਯੱਗ ਦਾ ਘੋੜਾ ਛਡਿਆ ਤਾਂ ਲਵ, ਕੁਸ਼ ਨੇ ਘੋੜਾ ਫੜ ਲਿਆ। ਜਿਸ ਕਰ ਉਹਨਾਂ ਨੂੰ ਸ੍ਰੀ ਰਾਮ ਅਤੇ ਹੋਰਨਾਂ ਨਾਲ ਯੁੱਧ ਕਰਨਾ ਪਿਆ। ਇਸ ਯੁੱਧ ਵਿਚ ਬਹੁਤ ਸਾਰੇ ਮਹਾਂਰਥੀ ਮਰ ਗਏ। ਜਦੋਂ ਲਵ, ਕੁਸ਼ ਨੂੰ ਇਹ ਪਤਾ ਚੱਲਿਆ ਕਿ ਇਹ ਤਾਂ ਸਾਰੇ ਆਪਣੇ ਹੀ ਹਨ ਤਾਂ ਉਹਨਾਂ ਨੇ ਇੰਦਰ ਦੇਵਤਾ ਕੋਲੋਂ ਅੰਮ੍ਰਿਤ ਲਿਆਂਦਾ ਅਤ ਉਹਨਾਂ ਸਾਰਿਆਂ ਨੂੰ ਜੀਵਤ ਕਰ ਦਿੱਤਾ ਤੇ ਬਾਕੀ ਦਾ ਅੰਮ੍ਰਿਤ ਇਸ ਸਰੋਵਰ ਵਿਚ ਪਾ ਦਿੱਤਾ।

ਦੁਆਪਰ ਯੁਗ

ਦੁਆਪਰ ਯੁੱਗ ਵਿਚ ਜਦੋਂ ਸ੍ਰੀ ਵਿਸ਼ਨੂੰ ਭਗਵਾਨ ਨੇ ਸਮੁੰਦਰ ਮੰਥਨ ਕੀਤਾ ਤਾਂ ਸਮੁੰਦਰ ਵਿਚੋਂ 14 ਰਤਨ ਨਿਕਲੇ। ਜਿੰਨਾਂ ਵਿਚੋਂ ਇਕ ਅੰਮ੍ਰਿਤ ਕੁੰਭ (ਘੜਾ) ਨਿਕਲਿਆ। ਉਸ ਅੰਮ੍ਰਿਤ ਕੁੰਭ ਲਈ ਦੇਵਤਿਆਂ ਅਤੇ ਰਾਕਸ਼ਾਂ ਵਿਚ ਲੜਾਈ ਹੋ ਗਈ। ਇਹ ਅੰਮ੍ਰਿਤ ਹਰਿਦੁਆਰ, ਉੱਜੈਨ ਅਤੇ ਹੋਰ ਕਈ ਅਸਥਾਨਾਂ ਤੇ ਡਿੱਗਿਆ। ਜਿੰਨਾਂ ਵਿਚ ਇਕ ਅਸਥਾਨ ਹਰਿਮੰਦਰ ਸਾਹਿਬ ਦਾ ਸਰੋਵਰ ਵੀ ਹੈ।

ਕਲਯੁੱਗ

ਕਲਯੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਤੋਂ ਤਲਵੰਡੀ ਜਾਣਾ ਸੀ ਤਾਂ ਰਸਤੇ ਵਿਚ ਜਿੱਥੇ ਅਠਸਠ ਤੀਰਥ ਹੈ (ਉਸ ਸਮੇਂ ਜੰਗਲ ਵਿਚ ਸੀ) ਉਸ ਅਸਥਾਨ ਤੇ ਗੁਰੂ ਜੀ ਬੈਠੇ ਸਨ। ਤਾਂ ਗੁਰੂ ਜੀ ਦੇ ਆਗਮਨ ਦੀ ਖਬਰ ਸੁਣਕੇ ਸੁਲਤਾਨ ਵਿੰਡ ਦੀ ਸੰਗਤ ਆਈ। ਗੁਰੂ ਜੀ ਦੇ ਦਰਸ਼ਨ ਦੀਦਾਰੇ ਕਰਕੇ ਉਹ ਨਿਹਾਲ ਹੋ ਗਏ। ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੇ ਇਲਾਕੇ ਵਿਚ ਜੰਗਲ ਬਹੁਤ ਹਨ ਕੋਈ ਵਸੋਂ ਨਹੀਂ ਹੈ। ਕ੍ਰਿਪਾ ਕਰੋ! ਤਾਂ ਗੁਰੂ ਜੀ ਨੇ

ਕਿਹਾ ਕਿ ਅਸੀਂ ਚੌਥੇ ਜਾਮੇ ਵਿਚ ਆਵਾਂਗੇ ਅਤੇ ਇਸ ਅਸਥਾਨ ਤੇ ਵਸੋਂ ਅਤੇ ਤੀਰਥ ਅਸਥਾਨ ਬਨਾਵਾਂਗੇ। ਸੋ ਗੁਰੂ ਸਾਹਿਬ ਨੇ ਚੌਥੇ ਜਾਮੇ ਵਿਚ ਆਕੇ ਇਸ ਅਸਥਾਨ ਦੀ ਸੇਵਾ ਸ਼ੁਰੂ ਕਰਵਾਈ। ਸਰੋਵਰ ਦੀ ਖੁਦਾਈ 1574 ਈ. ਵਿਚ ਕਰਵਾਈ। ਗੁਰੂ ਸਾਹਿਬ ਨੇ ਦੁਖ ਭੰਜਨੀ ਬੇਰੀ ਨੂੰ ਵਰ ਦਿੱਤਾ ਕਿ ਜੋ ਵੀ ਮਾਈ ਭਾਈ ਨਿਸ਼ਚੇ ਨਾਲ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਉਸ ਦੇ ਸਾਰੇ ਮਨੋਰਥ ਪੂਰੇ ਹੋਣਗੇ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਵਿਚ ਬਨਾਇਆ। ਇਸ ਦੀ ਨੀਂਹ ਸਾਈਂ ਮੀਆਂਮੀਰ (ਸੂਫੀ ਫਕੀਰ, ਮੁਸਲਮਾਨ) ਪਾਸੋਂ ਰਖਵਾਈ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਵਿਰ ਭਾਈ ਸ਼ਾਲੂੰ ਅਤੇ ਹੋਰ ਬਹੁਤ ਸਾਰਿਆਂ ਨੇ ਹਿੱਸਾ ਪਾਇਆ। ਗੁਰੂ ਅਰਜਨ ਦੇਵ ਜੀ ਨੇ ਸੰਪੂਰਨਤਾ ਕੀਤੀ ਅਤੇ ਭਾਦਰੋਂ ਸੁਦੀ ਇਕ ਸੰਮਤ ਨੂੰ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਹੈਡ ਗ੍ਰੰਥੀ ਥਾਪਿਆ। ਇਸ ਸ਼ਹਿਰ ਦੀ ਵਸੋਂ ਵਿਚ ਵਾਧਾ ਕਰਨ ਲਈ ਭਾਈ ਸ਼ਾਲੂੰ ਜੀ ਅਤੇ ਹੋਰ ਸੇਵਾਦਾਰਾਂ ਨੇ ਚੂਰਸਤੀ ਅਟਾਰੀ ਬੈਠ ਕੇ ਗੁਰੂ ਬਾਜਾਰ, ਬੱਤੀ ਹੱਟਾ ਬਾਜ਼ਾਰ ਬਣਵਾਇਆ ਅਤੇ ਸੰਗਤਾਂ ਨੂੰ ਹੁਕਮ ਕੀਤਾ ਕਿ ਇਥੇ ਕਾਰੋਬਾਰ ਕਰੋ। ਗੁਰੂ ਸਾਹਿਬ ਨੇ ਸ਼ਹਿਰ ਦੇ ਬਾਰਾਂ ਦਰਵਾਜੇ ਬਣਵਾਏ। ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਅੰਮ੍ਰਿਤਸਰ ਸ਼ਹਿਰ ਵਿਚ ਕਾਰੋਬਾਰ ਬਹੁਤ ਤਰੱਕੀਆਂ ਤੇ ਪਹੁੰਚਿਆ।

ਸੁਖ ਆਸਨ (ਕੋਠਾ ਸਾਹਿਬ)
ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਜਦੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਚਲ ਰਹੀ ਸੀ, ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਜਗ੍ਹਾਂ ਤੇ ਬਿਸਰਾਮ ਕਰਦੇ ਸਨ। ਜਦੋਂ ਸ੍ਰੀ

ਹਰਿਮੰਦਰ ਸਾਹਿਬ ਜੀ ਦੀ ਸੇਵਾ ਸੰਪੂਰਨ ਹੋ ਗਈ ਅਤੇ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ ਤਾਂ ਸੁਖ ਆਸਨ ਵੇਲੇ ਇਸੇ ਜਗਾਂ ਤੇ ਲਿਆ ਕੇ ਸਿੰਘਾਸਨ ਕਰਾਂਦੇ ਰਹੇ ਅਤੇ ਆਪ ਖੱਲੇ ਚਾਦਰ ਵਿਛਾ ਕੇ ਆਰਾਮ ਕਰਦੇ ਰਹੇ।

ਪੁਰਾਤਨ ਇਮਲੀ ਸਾਹਿਬ ਦਾ ਇਤਿਹਾਸ

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਕੇ ਜਦੋਂ ਬਾਹਰ ਵਲ ਆਈਏ ਤਾਂ ਪ੍ਰਸ਼ਾਦ ਲੈਣ ਵਾਲੀ ਜਗਾਂ ਦੇ ਕੋਲ ਇਮਲੀ ਦਾ ਦਰੱਖਤ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਲਾਹੌਰ ਰਹਿੰਦੇ ਸਨ। ਉਥੇ ਆਪ ਜੀ ਪਾਸੋਂ ਸਿੱਖ ਧਰਮ ਪ੍ਰਤੀ ਗਲਤ ਸ਼ਬਦ ਕਹੇ ਗਏ। ਉਸ ਸਮੇਂ ਅਕਾਲ ਤਖ਼ਤ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਸਨ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਤੇ ਸੱਦਿਆ, ਜੱਥੇਦਾਰ ਸਾਹਿਬ ਨੇ ਰਣਜੀਤ ਸਿੰਘ ਨੂੰ ਇਸ ਇਮਲੀ ਦੇ ਦਰੱਖਤ ਨਾਲ ਬੰਨ੍ਹ ਕੇ ਕੋੜੇ ਮਾਰਨ ਦਾ ਹੁਕਮ ਕੀਤਾ। ਸੰਗਤ ਦੀ ਬੇਨਤੀ ਤੇ ਕਿ ਮਹਾਰਾਜ ਨੇ ਆਪਣੀ ਗਲਤੀ ਦਾ ਅਹਿਸਾਸ ਕਰ ਲਿਆ ਹੈ ਤਾਂ ਸਿੰਘ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮੁਆਫ਼ ਕਰ ਦਿੱਤਾ।

1984 ਵਿਚ ਭਾਰਤ ਸਰਕਾਰ ਨੇ ਹਰਿਮੰਦਰ ਸ਼ਾਹਿਬ ਤੇ ਜੋ ਜ਼ੁਲਮ ਢਾਇਆ ਸੀ ਉਸ ਸਮੇਂ ਬੰਬਾਂ ਨਾਲ ਇਸ ਦਰੱਖਤ ਨੂੰ ਵੀ ਬਹੁਤ ਨੁਕਸ਼ਾਨ ਪਹੁੰਚਿਆ ਸੀ। ਹੁਣ ਉਸੇ ਜਗਾਂ ਤੇ ਫਿਰ ਤੋਂ ਦਰੱਖਤ ਉਗ ਆਇਆ ਹੈ। ਦਰਸ਼ਨ ਦੀਦਾਰੇ ਕਰੋ ਜੀ।

ਜੀਵਨ ਬਿਉਰਾ ਗੁਰੂ ਸਾਹਿਬਾਨ



ਪਵਿੱਤਰ ਨਾਮ ਗੁਰੂ ਸਾਹਿਬਾਨ	ਨਾਮ ਪਿਤਾ ਜੀ/ ਮਾਤਾ ਜੀ	ਪ੍ਰਕਾਸ਼ ਅਸਥਾਨ	ਪ੍ਰਕਾਸ਼ ਮਿਤੀ ਸੰਨ ਅਤੇ ਸੰਮਤ
ਸ੍ਰੀ ਗੁਰੂ ਨਾਨਕ ਦੇਵ ਜੀ	ਕਲਿਆਣ ਦਾਸ ਜੀ ਤ੍ਰਿਪਤਾ ਜੀ	ਤਲਵੰਡੀ ਰਾਏ ਭੋਇ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)	15.11.1469 ਕਤਕ ਸੁਦੀ 15, ਪੂਰਨਮਾਸ਼ੀ 1526 ਦਿਨ ਬੁੱਧਵਾਰ
ਸ੍ਰੀ ਗੁਰੂ ਅੰਗਦ ਦੇਵ ਜੀ	ਫੇਰੂ ਮਲ ਜੀ ਦਇਆ ਕੋਰ ਜੀ	ਮਤੇ (ਨਾਂਗੇ) ਕੀ ਸਰਾਂ ਜ਼ਿਲਾ ਮੁਕਤਸਰ	31.3.1504 ਵਿਸਾਖ ਸੁਦੀ 1, 1561 ਦਿਨ ਐਤਵਾਰ
ਸ੍ਰੀ ਗੁਰੂ ਅਮਰਦਾਸ ਜੀ	ਤੇਜ ਭਾਨ ਜੀ ਸੁਲਖਨੀ ਜੀ	ਬਾਸਰਕੇ ਜ਼ਿਲਾ ਅੰਮ੍ਰਿਤਸਰ	5.5.1479 ਵਿਸਾਖ ਸੁਦੀ 14, 1536 ਦਿਨ ਬੁੱਧਵਾਰ
ਸ੍ਰੀ ਗੁਰੂ ਰਾਮਦਾਸ ਜੀ	ਹਰਿਦਾਸ ਜੀ ਦਇਆ ਕੋਰ ਜੀ	ਚੂਨਾ ਮੰਡੀ ਲਾਹੋਰ (ਪਾਕਿਸਤਾਨ)	24.9.1534 ਕਤਕ ਵਦੀ 2, 1591 ਦਿਨ ਵੀਰਵਾਰ
ਸ੍ਰੀ ਗੁਰੂ ਅਰਜਨ ਦੇਵ ਜੀ	ਸ੍ਰੀ ਗੁਰੂ ਰਾਮਦਾਸ ਜੀ ਭਾਨੀ ਜੀ	ਸ੍ਰੀ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ	15.4.1563 ਵਿਸਾਖ ਵਦੀ 7,1620 ਦਿਨ ਵੀਰਵਾਰ
ਸ੍ਰੀ ਗੁਰੂ ਹਰਿਗੋਬਿੰਦ ਜੀ	ਸ੍ਰੀ ਗੁਰੂ ਅਰਜਨ ਦੇਵ ਜੀ,ਗੰਗਾ ਜੀ	ਗੁਰੂ ਕੀ ਵਡਾਲੀ ਜ਼ਿਲਾ ਅੰਮ੍ਰਿਤਸਰ	19.6.1595 ਹਾੜ ਵਦੀ 1, 1652 ਦਿਨ ਸ਼ਨੀਵਾਰ
ਸ੍ਰੀ ਗੁਰੂ ਹਰਿ ਰਾਇ ਜੀ	ਬਾਬਾ ਗੁਰਦਿੱਤਾ ਜੀ ਨਿਹਾਲ ਕੋਰ ਜੀ	ਕੀਰਤਪੁਰ ਜ਼ਿਲ੍ਹਾ ਰੋਪੜ	16.1.1630 ਮਾਘ ਸੁਦੀ 13, 1686 ਦਿਨ ਸ਼ਨੀਵਾਰ
ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ	ਸ੍ਰੀ ਗੁਰੂ ਹਰਿ ਰਾਇ ਜੀ, ਕ੍ਰਿਸ਼ਨ ਕੋਰ	ਕੀਰਤਪੁਰ ਜ਼ਿਲ੍ਹਾ ਰੋਪੜ	7.7.1656 ਸਾਵਣ ਵਦੀ 9, 1713 ਦਿਨ ਸੋਮਵਾਰ
ਸ੍ਰੀ ਗੁਰੂ ਤੇਗ ਬਹਾਦੁਰ ਜੀ	ਗੁਰੂ ਹਰਿ ਗੋਬਿੰਦ ਜੀ ਨਾਨਕੀ ਜੀ	ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ	1.4.1621 ਵਿਸਾਖ ਵਦੀ 5 1678, ਦਿਨ ਐਤਵਾਰ
ਸ੍ਰੀ ਗੁਰੂ ਗੋਬਿੰਦ ਸਿੰਘ ਜੀ	ਸ੍ਰੀ ਗੁਰੂ ਤੇਗ ਬਹਾਦੁਰ ਜੀ, ਗੁਜਰੀ ਜੀ	ਸ੍ਰੀ ਪਟਨਾ ਸਾਹਿਬ (ਬਿਹਾਰ)	22.12.1666 ਪੋਹ ਸੁਦੀ ਸੱਤਵੀਂ, 1723 ਦਿਨ ਸ਼ਨੀਵਾਰ
ਪ੍ਰਗਟ ਗੁਰਾਂ ਕੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ		ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ	28.8.1604 ਭਾਦਰੋਂ ਸੁਦੀ 1, 1661 ਦਿਨ ਮੰਗਲਵਾਰ

ਸੁਪਤਨੀ (ਮਹਿਲ) ਅਨੰਦ ਕਾਰਜ ਮਿਤੀ	ਸੰਤਾਨ	ਗੁਰਿਆਈ ਮਿਤੀ ਤੇ ਸਮਾਂ	ਪਵਿੱਤਰ ਨਗਰ ਵਸਾਏ
ਸੁਲੱਖਣੀ ਜੀ 12 ਸਤੰਬਰ 1487 4 ਅਸੂ 1544, ਬੁਧਵਾਰ	ਬਾਬਾ ਸ੍ਰੀ ਚੰਦ ਜੀ ਬਾਬਾ ਲਖਮੀ ਦਾਸ ਜੀ	ਪ੍ਰਕਾਸ਼ ਸਮੇਂ ਤੋਂ 70 ਸਾਲ	ਕਰਤਾਰਪੁਰ(ਪਾਕਿਸਤਾਨ) ਰਾਵੀ ਕੰਢੇ 1504
ਖੀਵੀ ਜੀ 29 ਜਨਵਰੀ 1519 16 ਮਾਘ 1576, ਮੰਗਲਵਾਰ	ਦਾਸੂ ਜੀ, ਦਾਤੂ ਜੀ ਬੀਬੀ ਅਮਰੋ, ਅਣੋਖੀ ਜੀ	17.9.1539 ਬੁਧਵਾਰ ਅਸੂ ਵਦੀ 5, 1596 12 ਸਾਲ 9 ਮਹੀਨੇ	ਖਡੂਰ ਸਾਹਿਬ 1539
ਰਾਮੋ ਜੀ 24 ਜਨਵਰੀ 1502 11 ਮਾਘ 1559, ਸੋਮਵਾਰ	ਮੋਹਨ ਜੀ, ਮੋਹਰੀ ਜੀ ਬੀਬੀ ਦਾਨੀ ਜੀ ਤੇ ਭਾਨੀ ਜੀ	29.3.1552 ਮੰਗਲਵਾਰ ਚੇਤਰ ਸੁਦੀ 1, 1609 22 ਸਾਲ 6 ਮਹੀਨੇ	ਗੋਇੰਦਵਾਲ ਬਿਆਸ ਕੰਢੇ 1552
ਭਾਨੀ ਜੀ 5 ਮਾਰਚ 1553 22 ਫੱਗਣ, 1610, ਐਤਵਾਰ	ਪ੍ਰਿਥੀਚੰਦ ਮਹਾਂਦੇਵ ਸ੍ਰੀ ਅਰਜਨ ਦੇਵ ਜੀ	30.8.1574, ਸੋਮਵਾਰ ਭਾਦੋਂ ਸੁਦੀ 13, 1631 7 ਸਾਲ	ਸ੍ਰੀ ਅੰਮ੍ਰਿਤਸਰ 18 ਜੂਨ 1573
ਗੰਗਾ ਜੀ 1 ਜੁਲਾਈ 1589 18 ਹਾੜ 1646, ਵੀਰਵਾਰ	ਹਰਿਗੋਬਿੰਦ ਸਾਹਿਬ ਜੀ	1.9.1581, ਸ਼ੁੱਕਰਵਾਰ ਭਾਦੋਂ ਸੁਦੀ 2, 1638 25 ਸਾਲ	ਸ੍ਰੀ ਗੋਬਿੰਦਪੁਰ ਬਿਆਸ ਕੰਢੇ 1587 ਤਰਨਤਾਰਨ 1590 ਕਰਤਾਰਪੁਰ ਸੋਢੀਆਂ 3 ਫਰਵਰੀ 1593, ਛੇਹਰਟਾ 1595
ਦਮੋਦਰੀ ਜੀ 25-1-1605, ਨਾਨਕੀ ਜੀ 20-4-1613, ਮਹਾਦੇਵੀ ਜੀ 1-10-1620	ਗੁਰਦਿੱਤਾ ਜੀ, ਅਣਿ ਰਾਇ ਅਟਲ ਰਾਇ, ਤੇਗ ਬਹਾਦੁਰ ਸੂਰਜ ਮੱਲ, ਬੀਬੀ ਵੀਰੋ ਜੀ	22.5.1606, ਵੀਰਵਾਰ ਜੇਠ ਵਦੀ 8, 1663 38 ਸਾਲ	ਭਾਈ ਰੂਪਾ(ਬਠਿੰਡਾ) 1622 ਕੀਰਤਪੁਰ 1626
ਕ੍ਰਿਸ਼ਨ ਕੌਰ ਜੀ 19 ਜੂਨ 1640, ਸ਼ੁੱਕਰਵਾਰ ਹਾੜ ਸੁਦੀ 3, 1697	ਰਾਮ ਰਾਏ, ਰੂਪ ਕੌਰ ਹਰਿ ਕ੍ਰਿਸ਼ਨ ਸਾਹਿਬ ਜੀ	24.2.1644, ਸ਼ਨੀਵਾਰ ਚੇਤ ਵਦੀ 13, 1701 17 ਸਾਲ 6 ਮਹੀਨੇ	---------
---------------	--------------	6.10.1661, ਐਤਵਾਰ ਕਤਕ ਸੁਦੀ 9, 1718 2 ਸਾਲ 6 ਮਹੀਨੇ	----------
ਗੁਜਰੀ ਜੀ 1 ਅਕਤੂਬਰ 1632 16 ਅੱਸੂ 1689, ਸੋਮਵਾਰ	ਗੋਬਿੰਦ ਸਿੰਘ ਜੀ	11.8.1664, ਵੀਰਵਾਰ ਸਾਵਣ ਅਮਾਵਸ 1721 11 ਸਾਲ 6 ਮਹੀਨੇ	ਸ੍ਰੀ ਅਨੰਦਪੁਰ ਸਤਲੁਜ ਕੰਢੇ 19 ਜੂਨ 1665
ਅਜੀਤ ਕੌਰ ਜੀ 5-7-1677, ਸੁੰਦਰ ਕੌਰ ਜੀ 17-4-1684, ਸਾਹਿਬ ਕੌਰ ਜੀ 30-10-1700	ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਬਾਬਾ ਜ਼ੋਰਾਵਾਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ	11.11.1675, ਵੀਰਵਾਰ ਮਘਰ ਸੁਦੀ 5, 1732 33 ਸਾਲ 4.10.1708, ਸ਼ਨੀਵਾਰ ਕਤਕ ਸੁਦੀ 2. 1765	ਗੁਰੂ ਕਾ ਲਾਹੌਰ ਜੂਨ 1677 ਸ੍ਰੀ ਪਾਉਂਟਾ ਸਾਹਿਬ 28 ਅਪ੍ਰੈਲ 1685 ਬਭੋਰ ਸਾ: 1689, ਮੁਕਤਸਰ 1705 ਗੁਰੂ ਕਾਂਸ਼ੀ ਦਮਦਮਾ ਸਾਹਿਬ 1706

ਜੋਤੀ ਜੋਤਿ	ਬਾਣੀ ਰਚਨਾ	ਉਮਰ	ਸਮਕਾਲੀ ਹੁਕਮਰਾਨ
22.9.1539 ਸੋਮਵਾਰ ਅਸੂ ਵਦੀ 10, 1596 ਕਰਤਾਰਪੁਰ (ਪਾਕਿਸਤਾਨ)	ਜਪੁ, ਸਿਧ ਗੋਸ਼ਟ, ਸੋਦਰ, ਸੋਹਿਲਾ, ਆਰਤੀ, ਰਾਮਕਲੀ ਦੱਖਣ ਓਅੰਕਾਰ, ਆਸਾ ਦੀ ਵਾਰ, ਮਲ੍ਹਾਰ ਤੇ ਮਾਝ ਦੀ ਵਾਰ, ਪਟੀ, ਬਾਰਹ ਮਾਹ, ਕੁਲ 974 ਸ਼ਬਦ 19 ਰਾਗਾਂ ਵਿਚ ਹਨ ।	70	ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, ਬਾਬਰ, ਮੁਗਲ ਹਮਾਯੂੰ
1.4.1552 ਸ਼ੁਕਰਵਾਰ ਚੇਤਰ ਸੁਦੀ 4, 1509 ਖਡੂਰ ਸਾਹਿਬ	ਕੁਲ 63 ਸ਼ਲੋਕ ਦਸ ਵਾਰਾਂ ਵਿਚ	48	ਹਮਾਯੂੰ, ਸ਼ੇਰ ਸ਼ਾਹ ਸੂਰੀ, ਇਸਲਾਮ ਸ਼ਾਹ ਸੂਰੀ
1.9.1574 ਬੁੱਧਵਾਰ ਭਾਦੋਂ ਸੁਦੀ 15, 1631 ਸ੍ਰੀ ਗੋਇੰਦਵਾਲ	ਅਨੰਦ ਸਾਹਿਬ ਕੁਲ 907 ਸ਼ਬਦ ਸ਼ਲੋਕ ਛੰਤ 17 ਰਾਗਾਂ ਵਿਚ ਹਨ ।	95	ਫੀਰੋਜਸ਼ਾਹ, ਮੁਹੰਮਦ ਆਦਲਸ਼ਾਹ ਹਮਾਯੂੰ ਅਕਬਰ
2.9.1581, ਸ਼ਨੀਵਾਰ ਭਾਦੋਂ ਸੁਦੀ 3, 1638 ਸ੍ਰੀ ਗੋਇੰਦਵਾਲ	ਕੁਲ ਸ਼ਬਦ ਸ਼ਲੋਕ ਛੰਤ ਆਦਿ 679 30 ਰਾਗਾਂ ਵਿਚ ਹਨ ।	47	ਅਕਬਰ
30.5.1606, ਸ਼ੁੱਕਰਵਾਰ ਜੇਠ ਸੁਦੀ 4, 1663 ਲਾਹੌਰ(ਪਾਕਿਸਤਾਨ)	ਗਉੜੀ ਸੁਖਮਨੀ, ਮਾਝ ਬਾਰਹ ਮਾਹ, ਬਾਵਨ ਅੱਖਰੀ ਕੁਲ ਸ਼ਬਦ 2218 30 ਰਾਗਾਂ ਵਿਚ ਹਨ ।	43	ਅਕਬਰ ਜਹਾਂਗੀਰ
3.3.1644 ਐਤਵਾਰ ਚੇਤ ਸੁਦੀ 5, 1701 ਕੀਰਤਪੁਰ ਸਾਹਿਬ	----------------------	49	ਜਹਾਂਗੀਰ ਸ਼ਾਹ ਜਹਾਂਨ
6.10.1661 ਐਤਵਾਰ ਕਤਕ ਸੁਦੀ 9, 1718 ਕੀਰਤਪੁਰ ਸਾਹਿਬ	----------------------	32	ਸ਼ਾਹਜਹਾਨ ਔਰੰਗਜੇਬ
30.3.1664, ਬੁੱਧਵਾਰ ਚੇਤ ਸੁਦੀ 13, 1721 ਭੋਗਲ, ਦਿਲੀ	----------------------	8	ਔਰੰਗਜੇਬ
11.11.1675, ਵੀਰਵਾਰ ਮੱਘਰ ਸੁਦੀ 5, 1732 ਚਾਂਦਨੀ ਚੌਂਕ, ਦਿੱਲੀ	ਕੁਲ 116 ਸ਼ਬਦ ਤੇ ਸ਼ਲੋਕ 16 ਰਾਗਾਂ ਵਿਚ ਹਨ ।	54	ਔਰੰਗਜੇਬ
7.10.1708 ਮੰਗਲਵਾਰ ਕਤਕ ਸੁਦੀ 5. 1765 ਹਜ਼ੂਰ ਸਾਹਿਬ ਨੰਦੇੜ (ਮਹਾਂਰਾਸ਼ਟਰ) ਜੁਗੋ ਜੁਗ ਅਟੱਲ	ਜਾਪ, ਅਕਾਲ ਉਸਤਤਿ, ਚੌਪਈ, ਬਚਿੱਤਰ ਨਾਟਕ, ਸਵੈਯੇ, ਸ਼ਬਦ ਹਜਾਰੇ ਜ਼ਫਰਨਾਮਾ (ਦਸਮ ਗਰੰਥ) ਕੁਲ ਸ਼ਬਦ, ਸਲੋਕ, ਛੰਤ ਆਦਿ 5894 31 ਰਾਗਾਂ ਵਿਚ ਹਨ । ਕੁਲ ਪੰਨੇ 1430	42	ਔਰੰਗਜੇਬ ਬਹਾਦਰਸ਼ਾਹ ਜੁਗੋ ਜੁਗ ਅਟੱਲ

ਅਪੀਲ

ਇਹ ਕਿਤਾਬਚਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਈ ਸੰਗਤ ਦੀ ਸਹੂਲਤ ਲਈ ਮੁਫ਼ਤ ਭੇਟਾ ਕੀਤਾ ਜਾਂਦਾ ਹੈ। ਦਾਨੀ ਸੱਜਣ ਇਸ ਕਿਤਾਬ ਦੇ ਕਾਗਜ਼ ਅਤੇ ਛਪਾਈ ਲਈ ਦਾਨ ਦੇਣ ਦੀ ਕ੍ਰਿਪਾ ਕਰਨ ਜੀ।



ਤੁਸੀਂ ਆਪਣੀ ਸਹਾਇਤਾ ਸਾਨੂੰ ਇਸ ਪਤੇ ਤੇ ਵੀ ਭੇਜ ਸਕਦੇ ਹੋ ਜੀ।

ਸੁਖਦੀਪ ਪ੍ਰਿੰਟਿੰਗ ਪ੍ਰੈਸ

ਸ਼ਰੀਫ਼ਪੁਰਾ, ਸ੍ਰੀ ਅੰਮ੍ਰਿਤਸਰ। ਫੋਨ: 0183-587243

Title Designed & Printed by:
Sukhdeep Printing Press, Sharifpura, Sri Amritsar.
Ph: 0183-587243